CHRI 2019

# ਜੇਲ੍ਹਾਂ ਤੇ 101 ਸਵਾਲ

## - ਤੁਸੀਂ ਨਹੀਂ ਜਾਣਦੇ ਕਿ ਕਿਸ ਨੂੰ ਪੁੱਛਣਾ ਹੈ




CHRI
Commonwealth Human Rights Initiative
working for the *practical* realisation of human rights in the countries of the Commonwealth

# ਕੱਮਨਵੈਲਥ ਹਿਊਮਨ ਰਾਈਟਸ ਇਨਿਸ਼ਿਏਟਿਵ ਬਾਰੇ

ਕੱਮਨਵੈਲਥ ਹਿਊਮਨ ਰਾਈਟਸ ਇਨਿਸ਼ਿਏਟਿਵ ਇੱਕ ਸੁਤੰਤਰ, ਗੈਰ-ਲਾਭਕਾਰੀ, ਗੈਰ ਪੱਖਪਾਤੀ, ਅੰਤਰਰਾਸ਼ਟਰੀ ਗੈਰ-ਸਰਕਾਰੀ ਸੰਸਥਾ ਹੈ ਜੋ ਮਨੁੱਖੀ ਅਧਿਕਾਰਾਂ ਦੇ ਖੇਤਰ ਵਿੱਚ ਕੰਮ ਕਰ ਰਹੀ ਹੈ। 1987 ਵਿਚ, ਕਈ ਰਾਸ਼ਟਰਮੰਡਲ ਪੇਸ਼ੇਵਰਾਨਾ ਐਸੋਸੀਏਸ਼ਨਾਂ ਨੇ ਸੀਐਚਆਰਆਈ ਦੀ ਸਥਾਪਨਾ ਕੀਤੀ, ਕਿਉਂਕਿ 53 ਦੇਸ਼ਾਂ ਦੇ ਸੰਗਠਨ ਵਿੱਚ ਮਨੁੱਖੀ ਅਧਿਕਾਰਾਂ ਤੇ ਬਹੁਤ ਘੱਟ ਧਿਆਨ ਦਿੱਤਾ ਗਿਆ ਸੀ ਹਾਲਾਂਕਿ ਰਾਸ਼ਟਰਮੰਡਲ ਨੇ ਮੈਂਬਰ ਦੇਸ਼ਾਂ ਨੂੰ ਸਾਂਝੇ ਕਾਨੂੰਨਾਂ ਦਾ ਅਧਾਰ ਪ੍ਰਦਾਨ ਕੀਤਾ।

ਆਪਣੀਆਂ ਰਿਪੋਰਟਾਂ ਅਤੇ ਸਮੇਂ-ਸਮੇਂ ਦੀਆਂ ਜਾਂਚਾਂ ਦੁਆਰਾ, ਸੀਐਚਆਰਆਈ ਲਗਾਤਾਰ ਰਾਸ਼ਟਰਮੰਡਲ ਦੇਸ਼ਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਤਰੱਕੀ ਅਤੇ ਕਮੀਆਂ ਵੱਲ ਧਿਆਨ ਖਿੱਚਦਾ ਹੈ। ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਰੋਕਣ ਲਈ ਉਪਾਵਾਂ ਅਤੇ ਉਪਾਵਾਂ ਦੀ ਵਕਾਲਤ ਕਰਦਿਆਂ, ਸੀਐਚਆਰਆਈ ਰਾਸ਼ਟਰਮੰਡਲ ਸਕੱਤਰੇਤ, ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਉਂਸਲ ਦੇ ਮੈਂਬਰਾਂ, ਮੀਡੀਆ ਅਤੇ ਸਿਵਲ ਸੁਸਾਇਟੀ ਨੂੰ ਸੰਬੋਧਿਤ ਕਰਦਾ ਹੈ। ਇਹ ਜਨਤਕ ਸਿੱਖਿਆ ਪ੍ਰੋਗਰਾਮਾਂ, ਨੀਤੀ ਸੰਵਾਦਾਂ, ਤੁਲਨਾਤਮਕ ਖੋਜ, ਵਕਾਲਤ ਅਤੇ ਐਕਸੈਸ ਟੂ ਇਨਫਰਮੇਸ਼ਨ ਐਂਡ ਐਕਸੈਸ ਟੂ ਜਸਟਿਸ ਦੇ ਮੁੱਦਿਆਂ ਤੇ ਕੰਮ ਕਰਦਾ ਹੈ।

ਸੀਐਚਆਰਆਈ ਮਨੁੱਖੀ ਅਧਿਕਾਰਾਂ ਦੇ ਵਿਸ਼ਵਵਿਆਪੀ ਐਲਾਨਨਾਮੇ, ਰਾਸ਼ਟਰਮੰਡਲ ਹਰਾਰੇ ਸਿਧਾਂਤਾਂ ਅਤੇ ਅੰਤਰਰਾਸ਼ਟਰੀ ਪੱਧਰ ਤੇ ਮਾਨਤਾ ਪ੍ਰਾਪਤ ਮਨੁੱਖੀ ਅਧਿਕਾਰਾਂ ਦੇ ਯੰਤਰਾਂ ਦੇ ਨਾਲ ਨਾਲ ਰਾਸ਼ਟਰਮੰਡਲ ਵਿੱਚ ਮਨੁੱਖੀ ਅਧਿਕਾਰਾਂ ਦਾ ਸਮਰਥਨ ਕਰਨ ਵਾਲੇ ਘਰੇਲੂ ਯੰਤਰਾਂ ਦੀ ਪਾਲਣਾ ਨੂੰ ਉਤਸ਼ਾਹਤ ਕਰਨਾ ਚਾਹੁੰਦਾ ਹੈ ।

ਸੀਐਚਆਰਆਈ ਦਾ ਮੁੱਖ ਦਫਤਰ ਨਵੀਂ ਦਿੱਲੀ, ਭਾਰਤ ਵਿੱਚ ਹੈ ਅਤੇ ਦਫਤਰ ਲੰਡਨ, ਯੂਕੇ ਅਤੇ ਅਕਰਾ, ਘਾਨਾ ਵਿੱਚ ਹਨ ।

ਅੰਤਰਰਾਸ਼ਟਰੀ ਸਲਾਹਕਾਰ ਕਮਿਸ਼ਨ: ਯਸ਼ਪਾਲ ਘਈ, ਚੇਅਰਪਰਸਨ. ਮੈਂਬਰ: ਐਲਿਸਨ ਡਕਸਬੁਰੀ, ਵਜਾਹਤ ਹਬੀਬੁੱਲਾ, ਵਿਵੇਕ ਮਾਰੂ, ਐਡਵਰਡ ਮੋਰਟਿਮਰ, ਸੈਮ ਓਕੁਡਜ਼ੇਟੋ ਅਤੇ ਸੰਜੋਏ ਹਜ਼ਾਰਿਕਾ।

ਕਾਰਜਕਾਰੀ ਕਮੇਟੀ (ਇੰਡੀਆ): ਵਜਾਹਤ ਹਬੀਬੁੱਲਾ, ਚੇਅਰਪਰਸਨ. ਮੈਂਬਰ: ਬੀ.ਕੇ. ਚੰਦਰਸ਼ੇਖਰ, ਜੈਅੰਤੋ ਚਉਧਰੀ, ਮਾਜਾ ਦਾਰੂਵਾਲਾ, ਨਿਤਿਨ ਦੇਸਾਈ, ਕਮਲ ਕੁਮਾਰ, ਪੂਨਮ ਮੁਤਰੇਜਾ, ਯਾਕੂਬ ਪੁੰਨੂਜ਼, ਵਿਨੀਤਾ ਰਾਏ, ਨਿਧੀ ਰਾਜ਼ਦਾਨ, ਏ ਪੀ ਸ਼ਾਹ, ਅਤੇ ਸੰਜੋਏ ਹਜ਼ਾਰਿਕਾ।

ਕਾਰਜਕਾਰੀ ਕਮੇਟੀ (ਘਾਨਾ): ਸੈਮ ਓਕੁਡਜ਼ੇਟੋ, ਚੇਅਰਪਰਸਨ. ਮੈਂਬਰ: ਅਕੋਤੋ ਐਂਪਓ, ਯਸ਼ਪਾਲ ਘਈ, ਵਜਾਹਤ ਹਬੀਬੁੱਲਾ, ਕੋਫੀ ਕਵਾਸ਼ੀਗਾਹ, ਜੂਲੀਅਟ ਟੂਆਕਲੀ ਅਤੇ ਸੰਜੋਏ ਹਜ਼ਾਰਿਕਾ।

ਕਾਰਜਕਾਰੀ ਕਮੇਟੀ (ਯੂਕੇ): ਜੋਆਨਾ ਈਵਰਟ੍ਜੇਮਜ਼, ਚੇਅਰਪਰਸਨ. ਮੈਂਬਰ: ਰਿਚਰਡ ਬਉਰਨ, ਪ੍ਰਲਾਬ ਬਰੂਆ, ਟੋਨੀ ਫੋਰਮੈਨ, ਨੇਵਿਲ ਲਿੰਟਨ, ਸੁਜ਼ਾਨ ਲੇਮਬਰਟ ਅਤੇ ਸੰਜੋਏ ਹਜ਼ਾਰਿਕਾ

ਸੰਜੋਏ ਹਜ਼ਾਰਿਕਾ, ਅੰਤਰਰਾਸ਼ਟਰੀ ਨਿਰਦੇਸ਼ਕ

ISBN: 978-93-81241-81-3. Report 2019. ਸਰੋਤ ਨੂੰ ਨਿਯਮਿਤ ਰੂਪ ਵਿੱਚ ਮੰਨਦਿਆਂ, ਇਸ ਰਿਪੋਰਟ ਵਿੱਚੋਂ ਸਮੱਗਰੀ ਦੀ ਵਰਤੋਂ ਕੀਤੀ ਜਾ ਸਕਦੀ ਹੈ।

**CHRI Headquarters, New Delhi**
55A, Third Floor, Siddharth Chambers
Kalu Sarai, New Delhi 110 016, India
Tel: +91 11 4318 0200, Fax: +91 11 2686 4688
E-mail: info@humanrightsinitiative.org

**CHRI London**
Room No. 219, School of Advanced Study
South Block, Senate House, Malet Street
London WC1E 7HU, United Kingdom
E-mail: london@humanrightsinitiative.org

**CHRI Africa, Accra**
House No. 9, Samora Machel Street, Asylum Down
Opposite Beverly Hills Hotel
Near Trust Towers, Accra, Ghana
Tel/Fax: +233 302 971170
E-mail: chriafrica@humanrightsinitiative.org

**www.humanrightsinitiative.org**




# ਕਿਤਾਬ ਬਾਰੇ

ਜੇਲ੍ਹਾਂ ਬੰਦ ਥਾਂਵਾਂ ਹਨ । ਕੈਦੀਆਂ ਦੀ ਰੋਜ਼ਾਨਾ ਜ਼ਿੰਦਗੀ ਅਤੇ ਰੁਟੀਨ ਬਾਰੇ ਬਹੁਤ ਘੱਟ ਜਾਣਕਾਰੀ ਉਪਲਬਧ ਹੈ । ਇਸ ਤੋਂ ਇਲਾਵਾ, ਬਹੁਤ ਘੱਟ ਲੋਕ ਜੇਲ੍ਹ ਦੀ ਜ਼ਿੰਦਗੀ ਦੇ ਵੇਰਵਿਆਂ ਬਾਰੇ ਜਾਣਨ ਵਿੱਚ ਦਿਲਚਸਪੀ ਰੱਖਦੇ ਹਨ ਜਦ ਤਕ ਉਹ ਆਪਣੇ ਆਪ ਨੂੰ ਇਸ ਵਿੱਚ ਨਹੀਂ ਪਾਉਂਦੇ । ਇਸਦਾ ਅਰਥ ਇਹ ਹੋ ਸਕਦਾ ਹੈ ਕਿ ਬਹੁਤ ਸਾਰੇ ਲੋਕਾਂ ਲਈ, ਉਨ੍ਹਾਂ ਨੇ ਜੇਲ੍ਹਾਂ 'ਤੇ ਰੱਖੇ ਪ੍ਰਸ਼ਨ, ਜੋ ਉਤਸੁਕਤਾ ਜਾਂ ਜ਼ਰੂਰਤ ਨਾਲ ਪੈਦਾ ਹੁੰਦੇ ਹਨ, ਅਕਸਰ ਜਵਾਬ ਨਹੀਂ ਦਿੱਤੇ ਜਾਂਦੇ । ਇਸ ਕਿਤਾਬ ਵਿੱਚ ਜੇਲ੍ਹਾਂ ਅਤੇ ਕੈਦੀਆਂ ਦੀ ਜ਼ਿੰਦਗੀ ਉੱਤੇ ਅਕਸਰ ਪੁੱਛੇ ਗਏ 101 ਸਵਾਲਾਂ ਦੇ ਜਵਾਬ ਹਨ ।

ਭਾਰਤੀ ਜੇਲ੍ਹਾਂ ਕਾਫ਼ੀ ਵੱਖਰੀਆਂ ਹਨ, ਜੋ ਕਿ ਉਨ੍ਹਾਂ ਤੇ ਸ਼ਾਸਨ ਕਰਨ ਅਤੇ ਨਿਯਮਾਂ ਦੀ ਪਾਲਣਾ ਕਰਨ ਦੇ ਤਰੀਕੇ ਤੇ ਨਿਰਭਰ ਕਰਦਾ ਹੈ । ਇਸਦਾ ਅਰਥ ਇਹ ਹੈ ਕਿ ਕਿਸੇ ਪ੍ਰਸ਼ਨ ਦਾ ਲਗਭਗ ਕਦੇ ਵੀ ਇੱਕ ਸਧਾਰਣ, ਸੰਖੇਪ ਉੱਤਰ ਨਹੀਂ ਹੁੰਦਾ ਅਤੇ ਅੰਤਮ ਹਵਾਲਾ ਉਸ ਵਿਸ਼ੇਸ਼ ਰਾਜ ਦੇ ਜੇਲ੍ਹ ਮੈਨੂਅਲ ਨੂੰ ਦੇਣਾ ਪੈਂਦਾ ਹੈ ਜਿੱਥੇ ਇੱਕ ਵਿਅਕਤੀ ਨੂੰ ਕੈਦ ਕੀਤਾ ਜਾਂਦਾ ਹੈ । ਹਾਲਾਂਕਿ, ਮੂਲ ਸਿਧਾਂਤ ਅਕਸਰ ਇਕੋ ਹੁੰਦੇ ਹਨ, ਅਤੇ ਇਸ ਕਿਤਾਬ ਵਿੱਚ ਉੱਤਰ ਇਹਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰਦਾਨ ਕੀਤੇ ਗਏ ਹਨ । ਜਵਾਬ ਬਹੁਤ ਸਾਰੇ ਰਾਜਾਂ ਵਿੱਚ ਜੇਲ੍ਹ ਪ੍ਰਣਾਲੀ ਦੇ ਨਾਲ ਕੰਮ ਕਰਨ ਦੇ ਸੀਐਚਆਰਆਈ ਦੇ ਵਿਸ਼ਾਲ ਤਜ਼ਰਬੇ ਤੇ ਅਧਾਰਤ ਹਨ। ਫਿਰ ਵੀ, ਇਸ ਕਿਤਾਬ ਨੂੰ ਪੜ੍ਹਦੇ ਸਮੇਂ ਸਾਵਧਾਨੀ ਵਰਤਣੀ ਲਾਜ਼ਮੀ ਹੈ, ਕਿਉਂਕਿ ਨਿਯਮ ਹਰੇਕ ਰਾਜ ਵਿੱਚ ਵੱਖ-ਵੱਖ ਹੋ ਸਕਦੇ ਹਨ, ਅਤੇ ਕੁਝ ਵਿਸ਼ੇਸ਼ ਪ੍ਰਬੰਧਾਂ ਲਈ ਵਿਸ਼ੇਸ਼ ਤੌਰ ਤੇ ਵਿਚਾਰਿਆ ਜਾਣਾ ਚਾਹੀਦਾ ਹੈ । ਜੇ ਕੁਝ ਰਹਿ ਗਿਆ ਹੈ ਤਾਂ ਅਣਜਾਣੇ ਵਿਚ ਹੈ; ਅਸੀਂ ਸਾਰਵਜਨਕ ਤੌਰ ਤੇ ਪਹੁੰਚਯੋਗ ਸਰੋਤਾਂ ਤੋਂ ਸਮੱਗਰੀ ਇਕੱਠੀ ਕੀਤੀ ਹੈ ਅਤੇ ਖੋਜ ਵਿੱਚ ਬਣਦੀ ਮਿਹਨਤ ਦੀ ਪਾਲਣਾ ਕੀਤੀ ਹੈ ।

# ਭੂਮਿਕਾ



ਕੱਮਨਵੈਲਥ ਹਿਊਮਨ ਰਾਈਟਸ ਇਨਿਸ਼ਿਏਟਿਵ (ਸੀਐਚਆਰਆਈ) ਉਨ੍ਹਾਂ ਸਾਰਿਆਂ ਦਾ ਧੰਨਵਾਦ ਕਰਨਾ ਚਾਹੁੰਦਾ ਹੈ ਜਿਨ੍ਹਾਂ ਨੇ ਆਪਣੇ ਗਿਆਨ, ਮਹਾਰਤ ਅਤੇ ਤਜ਼ਰਬੇ ਨਾਲ ਇਸ ਦਸਤਾਵੇਜ਼ ਨੂੰ ਅਮੀਰ ਬਣਾਇਆ । ਇਹ ਪ੍ਰਕਾਸ਼ਨ, ਸੀਐਚਆਰਆਈ ਦੇ '101 ਚੀਜਾਂ ਜੋ ਤੁਸੀਂ ਭਾਰਤ ਵਿੱਚ ਪੁਲਿਸ ਬਾਰੇ ਜਾਣਨਾ ਚਾਹੁੰਦੇ ਸੀ, ਪਰ ਪੁੱਛਣ ਤੋਂ ਡਰਦੇ ਸੀ' ਦੀ ਤਰਜ ਤੇ ਆਧਾਰਿਤ ਹੈ, ਇਸ ਦੀ ਕਲਪਨਾ ਮਾਝਾ ਦਾਰੂਵਾਲਾ, ਹੁਣ ਸੀਨੀਅਰ ਸਲਾਹਕਾਰ, ਸੀਐਚਆਰਆਈ, ਜਦੋਂ ਉਹ ਸੰਸਥਾ ਦੇ ਡਾਇਰੈਕਟਰ, ਨਵਾਜ਼ ਕੋਟਵਾਲ ਦੀ ਸਾਬਕਾ ਕੋਆਰਡੀਨੇਟਰ, ਪੁਲਿਸ ਸੁਧਾਰ ਪ੍ਰੋਗਰਾਮ, ਸੀਐਚਆਰਆਈ ਅਤੇ ਸਾਨਾ ਦਾਸ, ਸਾਬਕਾ ਕੋਆਰਡੀਨੇਟਰ, ਜੇਲ ਸੁਧਾਰ ਪ੍ਰੋਗ੍ਰਾਮ ਨੇ ਕੀਤੀ ਸੀ।

ਅਸੀਂ ਸੀਐਚਆਰਆਈ ਦੇ ਅੰਤਰਰਾਸ਼ਟਰੀ ਡਾਇਰੈਕਟਰ ਸੰਜੋਏ ਹਜ਼ਾਰਿਕਾ ਦਾ ਧੰਨਵਾਦ ਕਰਦੇ ਹਾਂ, ਜਿਹਨਾ ਨੇ ਇੱਸ ਦਸਤਾਵੇਜ਼ ਵਿੱਚ ਮਉਕਾ ਵੇਖਿਆ ਅਤੇ ਇਸਦੇ ਸੋਧ ਅਤੇ ਪ੍ਰਕਾਸ਼ਨ ਨੂੰ ਉਤਸ਼ਾਹਿਤ ਕੀਤਾ ਅਤੇ ਇਸ ਦੇ ਡਿਜ਼ਾਇਨ ਅਤੇ ਸਮੱਗਰੀ ਵਿੱਚ ਦਿਲਚਸਪੀ ਲਈ। ਰਿਚਾ, ਕਮਿਊਨੀਕੇਸ਼ਨ ਅਫਸਰ, ਸੀਐਚਆਰਆਈ ਨੇ ਵੀ ਮਹੱਤਵਪੂਰਨ ਸੰਪਾਦਕੀ ਜਾਣਕਾਰੀ ਪ੍ਰਦਾਨ ਕੀਤੀ। ਜੇਲ੍ਹ ਸੁਧਾਰ ਪ੍ਰੋਗਰਾਮ ਦੇ ਪ੍ਰੋਗ੍ਰਾਮ ਹੈੱਡ ਮਧੁਰਿਮਾ ਧਨੁਕਾ ਨੇ ਦਸਤਾਵੇਜ਼ ਦੇ ਵਿਸਤ੍ਰਿਤ ਸੰਸ਼ੋਧਨ, ਸੰਪਾਦਨ ਅਤੇ ਅੰਤਮ ਰੂਪ ਦੀ ਅਗਵਾਈ ਕੀਤੀ। ਜੇਲ੍ਹ ਸੁਧਾਰ ਪ੍ਰੋਗਰਾਮ ਦੇ ਸੀਨੀਅਰ ਪ੍ਰੋਗਰਾਮ ਅਧਿਕਾਰੀ ਸੁਗੰਧਾ ਸ਼ੰਕਰ ਦੀ ਵਿਸ਼ੇਸ਼ ਪ੍ਰਸ਼ੰਸਾ, ਜੇਲ੍ਹ ਸੁਧਾਰ ਪ੍ਰੋਗਰਾਮ ਦੀ ਸਾਬਕਾ ਸਲਾਹਕਾਰ ਜੈਸ਼੍ਰੀ ਸੂਰਣਾਰਾਇਣ ਅਤੇ ਜੇਲ੍ਹ ਸੁਧਾਰ ਪ੍ਰੋਗਰਾਮ ਦੀ ਸਾਬਕਾ ਸਲਾਹਕਾਰ ਰੁਚਿਕਾ ਨਿਗਮ, ਜਿਸ ਨੇ ਮਿਹਨਤ ਨਾਲ ਡਰਾਫਟ ਦਸਤਾਵੇਜ਼ ਤਿਆਰ ਕੀਤਾ। ਪੰਜਾਬ ਜੇਲ੍ਹ ਟ੍ਰੇਨਿੰਗ ਸਕੂਲ ਪਟਿਆਲਾ ਤੇ ਤੈਨਾਤ ਸ੍ਰੀ ਮੁਕੇਸ਼ ਕੁਮਾਰ ਸ਼ਰਮਾ, ਵਧੀਕ ਵਾਇਸ ਪ੍ਰਿੰਸੀਪਲ, ਜਿਨਾ ਨੇ ਇਸ ਦਸਤਾਵੇਜ਼ ਦਾ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਕਰਨ ਵਿੱਚ ਅਹਮ ਭੂਮਿਕਾ ਨਿਭਾਈ। ਅਸੀਂ ਇਸ ਦਸਤਾਵੇਜ਼ ਦੇ ਪੂਰਾ ਹੋਣ ਵਿੱਚ ਜੇਲ੍ਹਾਂ ਸੁਧਾਰ ਪ੍ਰੋਗਰਾਮ ਦੇ ਹੋਰ ਟੀਮ ਮੈਂਬਰਾਂ ਦੇ ਨਿਰੰਤਰ ਸਮਰਥਨ ਦੀ ਵੀ ਕਦਰ ਕਰਦੇ ਹਾਂ ।

ਗੁਰਨਾਮ ਸਿੰਘ ਨੇ 101 ਦੇ ਡਿਜ਼ਾਈਨ ਅਤੇ ਖਾਕੇ ਲਈ ਵਧੀਆ ਰਚਨਾਤਮਕ ਸਮਗਰੀ ਪ੍ਰਦਾਨ ਕੀਤੀ ।

# ਜਰਨਲ

1. ਜੇਲ੍ਹਾਂ ਕੀ ਹਨ?

ਜੇਲ੍ਹਾਂ ਇਕ ਅਜਿਹਾ ਬੰਦ ਕਰਨ ਦਾ ਸਥਾਨ ਹੈ, ਜੋ ਕਿ ਰਾਜ ਸਰਕਾਰ ਦੁਆਰਾ ਪ੍ਰਬੰਧਿਤ ਕੀਤਾ ਜਾਂਦਾ ਹੈ, ਜਿੱਥੇ ਲੋਕਾਂ ਨੂੰ ਆਪਣੀ ਹੋਈ ਸਜਾ ਭੁਗਤਨ ਲਈ ਭੇਜਿਆ ਜਾਂਦਾ ਹੈ ਜਾਂ ਉਹ ਟਰਾਇਲ ਦੇ ਖਤਮ ਹੋਣ ਦਾ ਇੰਤਜਾਰ ਕਰਦੇ ਹਨ।

2. ਕੀ ਜੇਲ੍ਹਾਂ ਪੁਲਿਸ ਲਾਕਅਪ ਵਾਂਗ ਹੀ ਹਨ?

ਨਹੀਂ, ਇਹ ਵੱਖ ਹਨ। ਪੁਲਿਸ ਲਾਕਅਪ ਲੋਕਲ ਪੁਲਿਸ ਦਾ ਇਕ ਅਜਿਹਾ ਆਰਜੀ ਰੱਖਣ ਦਾ ਸਥਾਨ ਹੈ ਜੋ ਕਿ ਪੁੱਛ ਗਿੱਛ ਜਾਂ ਗ੍ਰਿਫਤਾਰੀ ਦੀ ਕਾਰਵਾਈ ਪੂਰੀ ਹੋਣ ਤੱਕ ਸ਼ੱਕੀ ਇਨਸਾਨ ਨੂੰ ਰੱਖਣ ਦੇ ਕੰਮ ਆਉਂਦਾ ਹੈ। ਇਕ ਇਨਸਾਨ ਪੁਲਿਸ ਲਾਕਅਪ ਵਿੱਚ 24 ਘੰਟੇ ਤੋਂ ਜਿਆਦਾ ਅਦਾਲਤ ਦੇ ਹੁਕਮਾਂ ਨਾਲ ਹੀ ਰੱਖਿਆ ਜਾ ਸਕਦਾ ਹੈ।

3. ਕੀ ਕਿਸੇ ਨੂੰ ਵੀ ਜੇਲ੍ਹ ਤੇ ਭੇਜਿਆ ਜਾ ਸਕਦਾ ਹੈ?

ਇਕ ਵਿਅਕਤੀ ਨੂੰ ਤਾਂ ਹੀ ਜੇਲ੍ਹ ਭੇਜਿਆ ਜਾ ਸਕਦਾ ਹੈ ਜੇਕਰ ਅਦਾਲਤ ਦਾ ਨਿਆਇਕ ਹੁਕਮ ਹੋਵੇ। ਜਿਸਨੂੰ ਵਾਰੰਟ ਕਿਹਾ ਜਾਂਦਾ ਹੈ। ਕਿਸੇ ਨੂੰ ਵੀ ਇਕ ਵੈਦ ਅਦਾਲਤੀ ਵਾਰੰਟ ਤੋਂ ਬਿਨ੍ਹਾਂ ਜੇਲ੍ਹ ਵਿੱਚ ਰੱਖਣਾ ਗੈਰ-ਕਾਨੂੰਨੀ ਹੈ। 18 ਸਾਲ ਤੋਂ ਘੱਟ ਉਮਰ ਦੇ ਇਨਸਾਨ ਜੋ ਕਿ ਦੋਸ਼ੀ ਹੋਣ ਜਾਂ ਜਿਨ੍ਹਾਂ ਨੂੰ ਦੋਸ਼ੀ ਠਹਿਰਾਇਆ ਗਿਆ ਹੋਵੇ ਨੂੰ ਭਾਰਤ ਦੀ ਕਿਸੇ ਵੀ ਜੇਲ੍ਹ ਵਿੱਚ ਬੰਦ ਨਹੀਂ ਕੀਤਾ ਜਾ ਸਕਦਾ।

4. ਭਾਰਤ ਦੀਆਂ ਜੇਲ੍ਹਾਂ ਤੇ ਕਿਹੜੇ ਕਾਨੂੰਨ ਲਾਗੂ ਹੁੰਦੇ ਹਨ?

ਜੇਲ੍ਹਾਂ ਇਕ ਕੇਂਦਰੀ/ਭਾਰਤੀ ਕਾਨੂੰਨ ਦੇ ਅਨੁਸਾਰ ਚਲਾਈਆਂ ਜਾਂਦੀਆਂ ਹਨ ਜੋ ਪ੍ਰਿਜਨ ਐਕਟ, 1984 ਦੇ ਅਧਾਰਤ ਹੈ। ਪਰ 7ਵੇਂ ਸ਼ਡਿਊਲ ਦੇ ਮੁਤਾਬਕ ਜੇਲ੍ਹਾਂ ਇਕ ਰਾਜ ਦਾ ਵਿਸ਼ਾ ਹੈ, ਹਰ ਇਕ ਰਾਜ ਨੇ ਆਪਣੇ ਪ੍ਰਿਜਨ ਐਕਟ/ਮੈਨੂਅਲ ਜਾਂ ਮੈਨੇਜਮੈਂਟ ਨਿਯਮ ਬਣਾਏ ਹੋਏ ਹਨ। ਜੇਲ੍ਹ ਮੈਨੂਅਲ ਜਾਂ ਐਕਟ ਅਨੁਸਾਰ, ਇਹ ਨਿਯਮ ਕੈਦੀਆਂ ਨਾਲ ਵਿਵਹਾਰ ਅਤੇ ਜੇਲ੍ਹ ਪ੍ਰਬੰਧਨ ਦੇ ਤਰੀਕੇ ਦੱਸਦੇ ਹਨ, ਇਸਦੇ ਨਾਲ ਹੀ ਕੈਦੀਆਂ ਦੇ ਅਧਿਕਾਰ ਅਤੇ ਕਰਤੱਬਾਂ ਬਾਰੇ ਵੀ ਦੱਸਦੇ ਹਨ। ਪ੍ਰਿਜਨ (ਅਟੈਂਡੰਸ ਇੰਨ ਕੋਰਟ) ਐਕਟ 1955, ਕੈਦੀਆਂ ਦੀ ਬਦਲੀ ਕਾਨੂੰਨ 1950, ਕੈਦੀਆਂ ਨੂੰ ਆਪਣੇ ਦੇਸ਼ ਵਾਪਿਸ ਭੇਜਣਾ ਕਾਨੂੰਨ 2003 ਵੀ ਜੇਲ੍ਹਾਂ ਦੇ ਕਈ ਪਹਿਲੂਆਂ ਬਾਰੇ ਦੱਸਦੇ ਹਨ।

ਭਾਰਤ ਦਾ ਸਵਿਧਾਨ, ਸੀ.ਆਰ.ਪੀ.ਸੀ.1973 ਅਤੇ ਇੰਡੀਅਨ ਪੀਨਲ ਕੋਡ 1860 ਮੁੱਢਲੇ ਤੌਰ ਤੇ ਇਨਸਾਨ ਨੂੰ ਜੇਲ੍ਹ ਵਿੱਚ ਰੱਖਣ ਨਾਲ ਸਬੰਧ ਰੱਖਦੇ ਹਨ। ਇਸ ਤੋਂ ਇਲਾਵਾ ਦੂਸਰੇ ਕੇਂਦਰੀ ਅਤੇ ਰਾਜਾਂ ਦੇ ਕਾਨੂੰਨ ਜੋ ਕਿ ਦੰਡ ਪ੍ਰਵਧਾਨਾ ਬਾਰੇ ਦੱਸਦੇ ਹਨ ਜਿਸਦੇ ਅਨੁਸਾਰ ਕੈਦ ਕਰਨ ਦੀ ਅਨੁਮਤੀ ਹੈ

5. ਜੇਲ੍ਹਾਂ ਨੂੰ ਕੋਣ ਚਲਾਓਂਦਾ ਹੈ? ਜੇਲ੍ਹ ਵਿਭਾਗ ਦਾ ਸੰਗਠਨਾਤਮਕ ਢਾਂਚਾ ਕੀ ਹੈ?

ਜੇਲ੍ਹਾਂ ਨੂੰ ਚਲਾਉਣ ਦੀ ਜਿੰਮੇਵਾਰੀ ਪ੍ਰਬੰਧਕੀ, ਸੁਰੱਖਿਆ ਅਤੇ ਹੋਰ ਸਟਾਫ ਦੀ ਹੁੰਦੀ ਹੈ। ਹਰੇਕ ਰਾਜ ਦਾ ਆਪਣਾ ਸੰਗਠਨਾਤਮਕ ਢਾਂਚਾ ਹੁੰਦਾ ਹੈ ਆਮ ਤੌਰ ਤੇ ਡਾਇਰੈਕਟਰ ਜਨਰਲ (ਡੀ.ਜੀ.), ਐਡੀਸ਼ਨਲ ਡਾਇਰੈਕਟਰ ਜਨਰਲ (ਏ.ਡੀ.ਜੀ.) ਜਾਂ ਇੰਸਪੈਕਟਰ ਜਨਰਲ (ਆਈ.ਜੀ.) ਜੇਲ੍ਹ ਵਿਭਾਗ ਦਾ ਮੁੱਖੀ ਹੁੰਦਾ ਹੈ। ਉਹ ਰਾਜ ਦੇ ਗ੍ਰਹਿ ਮੰਤਰਾਲੇ ਨੂੰ ਰਿਪੋਰਟ ਕਰਦਾ ਹੈ। ਕੇਂਦਰੀ ਸ਼ਾਸ਼ਿਤ ਪ੍ਰਦੇਸ਼ਾ ਵਿੱਚ ਡੀ.ਜੀ./ਆਈ.ਜੀ. ਕੇਂਦਰ ਦੇ ਹੋਮ ਡਿਪਾਰਟਮੈਂਟ ਨੂੰ ਰਿਪੋਰਟ ਕਰਦਾ ਹੈ। ਡੀ.ਜੀ./ਏ.ਡੀ.ਜੀ./ਆਈ.ਜੀ. ਦੇ ਹੇਠਾਂ ਡਿਪਟੀ ਇੰਸਪੈਕਟਰ ਜਨਰਲ (ਡੀ.ਆਈ.ਜੀ) ਦਾ ਅਹੁਦਾ ਹੁੰਦਾ ਹੈ ਜੋ ਕਿ ਸਹਾਇਕ ਇੰਸਪੈਕਟਰ ਜਨਰਲ (ਏ.ਆਈ.ਜੀ.) ਦਾ ਕੰਮਕਾਜ ਦੇਖਦਾ ਹੈ ਅਤੇ ਏ.ਆਈ.ਜੀ ਜੇਲ੍ਹਾਂ ਦੇ ਸੁਪਰਡੈਂਟ ਦਾ ਕੰਮ ਦੇਖਦਾ ਹੈ। ਆਮ ਤੌਰ ਤੇ ਸੁਪਰਡੈਂਟ ਇਕ ਜੇਲ੍ਹ ਦਾ ਮੁੱਖੀ ਹੁੰਦਾ ਹੈ। ਜੋ ਕਿ ਜੇਲ੍ਹ ਪ੍ਰਬੰਧਨ ਅਤੇ ਕੈਦੀਆਂ ਦੀ ਭਲਾਈ ਲਈ ਜਿੰਮੇਦਾਰ ਹੁੰਦਾ ਹੈ। ਉਸਦੇ ਹੇਠਾਂ ਦੂਸਰਾ ਅਗਜੈਕਟਿਵ ਸਟਾਫ ਹੁੰਦਾ ਹੈ। ਜਿਵੇਂ ਕਿ ਵਧੀਕ ਸੁਪਰਡੈਂਟ, ਡਿਪਟੀ ਸੁਪਰਡੈਂਟ, ਸਹਾਇਕ ਸੁਪਰਡੈਂਟ, ਜੇਲਰ, ਡਿਪਟੀ ਜੇਲਰ ਅਤੇ ਸਹਾਇਕ ਜੇਲਰ। ਇਸ ਤੋਂ ਬਾਅਦ ਜੇਲ੍ਹ ਕਾਡਰ ਦਾ ਸਟਾਫ ਹੁੰਦਾ ਹੈ ਜਿਸ ਵਿੱਚ ਚੀਫ ਹੈਡ ਵਾਰਡਰ, ਹੈਡਵਾਰਡਰ ਅਤੇ ਵਾਰਡਰ/ਗਾਰਦ ਹੁੰਦੇ ਹਨ। ਸਭ ਤੋਂ ਹੇਠਾਂ ਵਾਰਡਰ/ਗਾਰਦ ਹੈ। ਜੋ ਕਿ ਸੁਰੱਖਿਆ ਸਟਾਫ ਵਿੱਚ ਆਉਂਦਾ ਹੈ। ਸੁਰੱਖਿਆ ਬਣਾਈ ਰੱਖਣਾ, ਅਨੁਸਾਸਨ ਵਾਰਡਰ ਦੀ ਜੁੰਮੇਵਾਰੀ ਹੁੰਦੀ ਹੈ। ਕੈਦੀਆ


PRISON
WANTED
POLICE
VAN

ਨੂੰ ਖੋਲਣਾਂ ਬੰਦ ਕਰਨਾਂ ਖਾਣਾ ਅਤੇ ਕੰਮ ਕਰਵਾਉਣਾਂ ਵਾਰਡਰ ਦੀ ਜੁਮੇਵਾਰੀ ਵਿੱਚ ਆਉਂਦਾ ਹੈ। ਸੰਚਾਲਿਤ ਸਫਾਟ ਦੀ ਸਹਾਇਤਾ ਸੁਧਾਰ ਸਟਾਫ ਅਫਸ਼ਰ ਸਾਹਿਬਾਨ, ਕਿੱਤਾ ਮੁੱਖੀ, ਫੈਕਟਰੀ ਸੁਪਰਵਾਈਜ਼ਰ ਅਧਿਆਪਕ, ਸਮਾਜ ਸੁਧਾਰਕ, ਮੈਡੀਕਲ ਸਟਾਫ ਅਤੇ ਹੋਰ ਵੀ ਸਹਿਯੋਗੀ ਸੰਸਥਾਵਾਂ ਦੁਆਰਾ ਕੀਤੀ ਜਾਂਦੀ ਹੈ।

6. ਕੀ ਭਾਰਤੀ ਜੇਲ੍ਹ ਸੇਵਾਵਾਂ ਹੈ?

ਨਹੀਂ, ਹਾਲੇ ਤੱਕ ਇੰਡੀਅਨ ਪੁਲਿਸ ਸਰਵਿਸ ਜਾਂ ਇੰਡੀਅਨ ਐਡਮਿਨਿਸਟ੍ਰੇਟਿਵ ਸਰਵਿਸਜ ਵਾਂਗ ਭਾਰਤੀ ਜੇਲ੍ਹ ਸੇਵਾਵਾਂ ਨਹੀਂ ਹਨ। ਜੇਲ੍ਹ ਵਿਭਾਗ ਦੇ ਮੁੱਖੀ (ਡੀ ਜੀ/ ਏ ਡੀ ਜੀ/ ਆਈ ਜੀ) ਆਮ ਤੌਰ ਤੇ ਇੰਡੀਅਨ ਪੁਲਿਸ ਸਰਵਿਸ ਵਿੱਚੋ ਹੀ ਬਣਦੇ ਹਨ। ਜਦ ਕਿ ਸੁਪਰਡੈਂਟ, ਸਹਾਇਕ ਸੁਪਰਡੈਂਟ ਅਤੇ ਵਾਰਡਰ ਰਾਜ ਦੇ ਜੇਲ੍ਹ ਵਿਭਾਗ ਵਿੱਚੋ ਹੀ ਹੁੰਦੇ ਹਨ।

7. ਜੇਲ੍ਹਾਂ ਕਿਨੀ ਤਰਾਂ ਦੀਆਂ ਹੁੰਦੀਆਂ ਹਨ?

ਮੂਢਲੇ ਤੌਰ ਤੇ ਜੇਲ੍ਹਾਂ ਨੂੰ ਸੁਰੱਖਿਆਂ ਦੇ, ਬਨਾਵਟ ਦੇ ਅਤੇ ਸੁਵਿਧਾਵਾਂ ਦੇ ਅਧਾਰ ਤੇ 7 ਪ੍ਰਕਾਰ ਨਾਲ ਵੰਡਿਆਂ ਗਿਆ ਹੈ।
ਕੇਂਦਰੀ ਜੇਲ੍ਹਾਂ- ਇਹਨਾਂ ਜੇਲ੍ਹਾਂ ਅੰਦਰ ਕੈਦੀ ਅਤੇ ਅੰਡਰਟਰੈਲ ਨੂੰ ਰੱਖਿਆ ਜਾਦਾ ਹੈ।
ਜਿਲਾ ਜੇਲ੍ਹਾਂ- ਇਹਨਾਂ ਜੇਲ੍ਹਾਂ ਵਿੱਚ ਸੁਰੂਆਤੀ ਤੌਰ ਤੇ ਅੰਡਰਟਰੈਲ ਨੂੰ ਰੱਖਿਆ ਜਾਂਦਾ ਹੈ। ਜੋ ਕਿ ਬਾਦ ਵਿੱਚ ਦੋਸ਼ ਸਾਬਤ ਹੋਣ ਤੇ ਕੇਦਰੀ ਜੇਲ੍ਹ ਅੰਦਰ ਵੀ ਭੇਜਿਆਂ ਜਾਂਦਾ ਹੈ।
ਸਬ ਜੇਲ੍ਹਾਂ- ਇਹਨਾ ਜੇਲ੍ਹਾਂ ਵਿੱਚ ਅੰਡਰਟਰੈਲ ਨੂੰ ਰੱਖਿਆਂ ਜਾਂਦਾ ਹੈ।
ਵੂਮੈਨ ਜੇਲ੍ਹ- ਇਹ ਜੇਲ੍ਹਾਂ ਕੇਵਲ ਔਰਤਾਂ ਲਈ ਹਨ।
ਓਪਨ ਜੇਲ੍ਹਾਂ- ਇਹਨਾਂ ਜੇਲ੍ਹਾਂ ਵਿੱਚ ਕੇਵਲ ਕੈਦੀਆ ਨੂੰ ਰੱਖਿਆ ਜਾਦਾ ਹੈ। ਉਹਨਾਂ ਨੂੰ ਕੰਮ ਕਰਕੇ ਕਮਾਈ ਦੀ ਅਜਾਦੀ ਦਿੱਤੀ ਜਾਂਦੀ ਹੈ।
ਬੋਰਸਟਲ ਜੇਲ੍ਹਾਂ- ਇਹਨਾਂ ਜੇਲ੍ਹਾਂ ਵਿੱਚ 18 ਤੋ 21 ਸਾਲ ਦੇ ਕੈਦੀ ਨੂੰ ਰੱਖਿਆ ਜਾਦਾ ਹੈ।
ਸਪੈਸ਼ਨ ਜੇਲ੍ਹਾਂ- ਰਾਜ ਆਪਣੇ ਹਿਸਾਬ ਨਾਲ ਇਹ ਸਪੈਸ਼ਲ ਜੇਲ੍ਹਾਂ ਬਣਾ ਸਕਦਾ ਹੈ। ਹਾਲਾਂਕਿ ਉਨ੍ਹਾਂ ਦਾ ਗਠਨ ਕਰਨ ਲਈ ਕੋਈ ਨਿਰਧਾਰਤ ਮਾਪਦੰਡ ਨਿਰਧਾਰਤ ਨਹੀਂ ਕੀਤਾ ਜਾਂਦਾ ਹੈ।

8 ਕੈਦੀ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

ਕੈਦੀ ਆਪਣੇ ਮੁਕੱਦਮੇ ਦੇ ਹਿਸਾਬ ਨਾਲ ਵੱਖ ਕੀਤੇ ਜਾਂਦੇ ਹਨ।
ਦੋਸ਼ੀ ਕੈਦੀ- ਉਹ ਹਨ ਜਿੰਨਾ ਨੂੰ ਕੋਰਟ ਵੱਲੋ ਦੋਸ਼ੀ ਦੱਸਿਆ ਜਾਂ ਚੁੱਕਾ ਹੈ। ਜਿਨਾਂ ਨੂੰ ਸਜਾਂ ਸੁਣਾਈ ਗਈ ਹੋਵੇ।
ਮੁਕੱਦਮੇ ਅਧੀਨ ਕੈਦੀ- ਉਹ ਕੈਦੀ ਹਨ ਜਿਨਾਂ ਦਾ ਮੁਕੱਦਮਾ ਹਾਲੇ ਅਦਾਲਤ ਵਿੱਚ ਚੱਲ ਰਿਹਾ ਹੈ।
ਨਜਰਬੰਦ- ਉਹ ਕੈਦੀ ਹਨ ਜਿਨ੍ਹਾਂ ਨੂੰ ਕਿਸੇ ਖਾਸ ਕਾਰਨ ਕਰਕੇ ਨਜਰਬੰਦ ਕੀਤਾ ਜਾਂਦਾ ਹੈ।
ਇੰਤਰਾਜ ਅਧੀਨ- ਇਹ ਉਹ ਕੈਦੀ ਹੁੰਦੇ ਹਨ ਜਿਨਾਂ ਨੂੰ ਆਪਣੀ ਸਜਾਂ ਪੂਰੀ ਕਰਨ ਉਪਰੰਤ ਕਾਰਵਾਈ ਵਿੱਚ ਸਮਾਂ ਲੱਗਣ ਕਰਕੇ ਕੈਦ ਵਿੱਚ ਹਨ। ਉਹ ਮੁੱਖ ਤੌਰ ਤੇ ਵਿਦੇਸ਼ੀ ਕੈਦੀ ਹੁੰਦੇ ਹਨ।
ਸਿਵਲ ਕੈਦੀ- ਜਿਹੜੇ ਉਪੱਰ ਲਿਖੇ ਕਿਸੇ ਪ੍ਰਕਾਰ ਵਿੱਚ ਨਹੀ ਹਨ। ਇਹ ਉਹ ਕੈਦੀ ਹਨ ਜੋ ਕਿ ਕਿਸੇ ਜੁਰਮਾਨੇ ਵੱਜੋ ਕੈਦੀ ਹਨ।

9. ਕੀ ਵੱਖਰੇ ਵੱਖਰੇ ਕੈਦੀਆ ਲਈ ਵੱਖ ਵੱਖ ਕਾਨੂੰਨ ਹੁੰਦੇ ਹਨ?

ਹਾਂ, ਜੇਲ੍ਹ ਮੈਨੂਅਲ ਵਿੱਚ ਵੱਖਰੇ ਵੱਖਰੇ ਕੈਦੀਆ ਲਈ ਕਾਨੂੰਨ ਬਣਾਏ ਗਏ ਹਨ। ਆਮ ਤੌਰ ਤੇ, ਮੁਕੱਦਮੇ ਅਧੀਨ ਕੈਦੀ, ਨਜ਼ਰਬੰਦਾਂ ਅਤੇ ਸਿਵਲ ਕੈਦੀਆਂ ਲਈ ਨਿਯਮ ਦੋਸ਼ੀ ਕੈਦੀਆਂ ਨਾਲੋਂ ਵਧੇਰੇ ਅਰਾਮਦੇਹ ਹੁੰਦੇ ਹਨ।



## ਦਾਖਲਾ ਪ੍ਰਕਿਰਿਆ

10. ਜਦੋ ਕੋਰਟ ਕਿਸੇ ਵਿਅਕਤੀ ਨੂੰ ਜੇਲ੍ਹ ਭੇਜਦਾ ਹੈ ਤਾਂ ਕੀ ਹੁੰਦਾ ਹੈ?

ਜਦੋ ਕੋਈ ਕੈਦੀ ਜੇਲ੍ਹ ਅੰਦਰ ਆਉਦਾ ਹੈ ਤਾਂ ਕੁਝ ਜਰੂਰੀ ਕਦਮ ਲਏ ਜਾਦੇ ਹਨ। ਮੇਨ ਗੇਟ ਤੇ ਸਭ ਤੋ ਪਹਿਲਾ ਅਦਾਲਤ ਦੇ ਆਦੇਸ਼ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਕੈਦੀ ਦੀ ਪਹਿਚਾਨ ਚੈਕ ਕੀਤੀ ਜਾਂਦੀ ਹੈ। ਉਸ ਤੋ ਬਾਦ ਦਾਖਲਾ, ਤਲਾਸੀ, ਮੈਡੀਕਲ ਅਤੇ ਉਸ ਨੂੰ ਵਾਰਡ ਆਦਿ ਕੰਮ ਹੁੰਦੇ ਹਨ।

11. ਦਾਖਲਾ ਪ੍ਰਕਿਰਿਆ ਦੇ ਦੌਰਾਨ ਕੀ ਹੁੰਦਾ ਹੈ?

ਜੇਲ੍ਹ ਭੇਜੇ ਗਏ ਸਾਰੇ ਵਿਅਕਤੀਆਂ ਨੂੰ ਜੇਲ੍ਹ ਵਿੱਚ ਦਾਖਲ ਕੀਤਾ ਹੋਣਾ ਜਰੂਰੀ ਹੈ। ਦਾਖਲੇ ਦੀ ਪ੍ਰਕਿਰਿਆ ਸਾਰੇ ਰਾਜਾਂ ਵਿੱਚ ਵੱਖ-ਵੱਖ ਹੁੰਦੀ ਹੈ, ਪਰ ਜਿੱਥੇ ਜੇਲ੍ਹ ਪ੍ਰਬੰਧਨ ਪ੍ਰਣਾਲੀ ਦੀ ਵਰਤੋਂ ਕੀਤੀ ਜਾਂਦੀ ਹੈ, ਓਥੇ ਦਾਖਲਾ ਪ੍ਰਕਿਰਿਆ ਵਿੱਚ ਫੋਟੋਆਂ ਅਤੇ ਫਿੰਗਰਪ੍ਰਿੰਟਸ ਕਰਨੇ ਸ਼ਾਮਲ ਹੁੰਦੇ ਹਨ। ਦਾਖਲਾ ਰਜਿਸਟਰ ਵਿਚ ਹਰੇਕ ਵਿਅਕਤੀ ਦੇ ਵੇਰਵੇ ਨੋਟ ਕੀਤੇ ਜਾਂਦੇ ਹਨ। ਫਿਰ ਇਕ ਕੈਦੀ ਨੂੰ ਉਸ ਦੇ ਹਿਸਟਰੀ-ਟਿਕਟ ਦੀ ਇਕ ਕਾਪੀ ਪ੍ਰਦਾਨ ਕੀਤੀ ਜਾ ਸਕਦੀ ਹੈ ਜਾਂ ਈ-ਕਿਓਸਕ (ਜਿੱਥੇ ਉਪਲਬਧ ਹੋਵੇ) ਦੀ ਵਰਤੋਂ ਕਰਦਿਆਂ ਉਸ ਦੇ ਵੇਰਵਿਆਂ ਤਕ ਪਹੁੰਚਣ ਬਾਰੇ ਜਾਣਕਾਰੀ ਦਿੱਤੀ ਜਾ ਸਕਦੀ ਹੈ। ਹਿਸਟਰੀ-ਟਿਕਟ ਇਕ ਅਜਿਹਾ ਦਸਤਾਵੇਜ਼ ਹੁੰਦਾ ਹੈ ਜਿਸ ਵਿੱਚ ਵਿਅਕਤੀ ਦੇ ਕੇਸ ਦੀ ਸਾਰੀ ਜਾਣਕਾਰੀ ਹੁੰਦੀ ਹੈ, ਸਮੇਤ ਕੇਸ ਦਾ ਹਵਾਲਾ ਨੰਬਰ, ਸਬੰਧਤ ਅਦਾਲਤ, ਕੈਦੀ ਦਾ ਵੇਰਵਾ, ਪਤਾ, ਉਮਰ, ਪੇਸ਼ੀ ਦੀਆਂ ਤਰੀਕਾਂ, ਆਦਿ। ਇਸ ਹਿਸਟਰੀ-ਟਿਕਟ ਨੂੰ ਕੈਦ ਦੇ ਪੂਰੇ ਸਮੇਂ ਦੌਰਾਨ ਬਣਾਈ ਰੱਖਿਆ ਜਾਣਾ ਚਾਹੀਦਾ ਹੈ। ਕੁਝ ਰਾਜ ਕੈਦੀ ਨੂੰ ਟਿਕਟ ਦੀ ਕਾਪੀ ਆਪਣੇ ਕੋਲ ਰੱਖਣ ਦੀ ਇਜਾਜ਼ਤ ਦਿੰਦੇ ਹਨ।

12. ਸਰੀਰਕ ਤਲਾਸੀ ਕੀ ਹੈ ਅਤੇ ਇਹ ਕੌਣ ਕਰਦਾ ਹੈ?

ਦਾਖਲੇ ਦੀ ਸਾਰੀ ਪ੍ਰਕਿਰਿਆ ਪੂਰੀ ਹੋਣ ਤੋ ਬਾਦ ਸਰੀਰਕ ਤਲਾਸੀ ਹੁੰਦੀ ਹੈ ਤਾਂ ਕੀ ਕੋਈ ਵੀ ਵਰਜਿਤ ਵਸੂਲ ਜੇਲ੍ਹ ਅੰਦਰ ਨਾ ਜਾ ਸਕੇ।ਤਲਾਸੀ ਦੀ ਸਾਰੀ ਪ੍ਰਕਿਰਿਆ ਦੌਰਾਨ ਮਾਨਵੀ, ਕਦਰ-ਕੀਮਤਾਂ ਦਾ ਪੂਰਾ ਧਿਆਨ ਰੱਖਿਆ ਜਾਂਦਾ ਹੈ। ਤਲਾਸੀ ਦੀ ਕਿਰਿਆ ਇੱਕ ਅਲੱਗ ਕਮਰੇ ਵਿੱਚ ਹੁੰਦੀ ਹੈ। ਸਿਰਫ ਮਹਿਲਾ ਸਟਾਫ ਮਹਿਲਾ ਕੈਦੀਆਂ ਦੀ ਭਾਲ ਕਰ ਸਕਦੀ ਹੈ, ਅਤੇ ਇਹ ਇਕ ਗੁਪਤ ਖੇਤਰ ਵਿੱਚ ਕੀਤੀ ਜਾਂਦੀ ਹੈ,

ਤਰਜੀਹੀ ਤੌਰ ਤੇ ਗੋਪਨੀਯਤਾ ਨੂੰ ਯਕੀਨੀ ਬਣਾਉਣ ਲਈ, ਇੱਕ ਵੱਖਰੇ ਕਮਰੇ ਵਿੱਚ।

ਪ੍ਰਤੀਬੰਧ ਦੀ ਸੂਚੀ ਆਮ ਤੌਰ ਤੇ ਰਾਜਾਂ ਵਿੱਚ ਵੱਖਰੀ ਹੁੰਦੀ ਹੈ, ਜਿਵੇਂ ਕਿ ਖੋਜ ਦੀ ਤੀਬਰਤਾ ਹੁੰਦੀ ਹੈ। ਇਹ ਆਮ ਤੌਰ ਤੇ ਜੇਲ੍ਹ ਦਾ ਡਿਪਟੀ ਸੁਪਰਡੈਂਟ ਜਾਂ ਸਹਾਇਕ ਸੁਪਰਡੈਂਟ ਹੁੰਦਾ ਹੈ ਜੋ ਇਸਦੀ ਨਿਗਰਾਨੀ ਕਰਦਾ ਹੈ। ਸਾਰੀਆਂ ਕੀਮਤੀ ਚੀਜ਼ਾਂ ਜਿਵੇਂ ਕਿ ਕਿਸੇ ਵਿਅਕਤੀ ਦੇ ਕਬਜ਼ੇ ਵਿੱਚ ਨਕਦ ਜਾਂ ਗਹਿਣਿਆਂ ਨੂੰ ਸੰਬੰਧਿਤ ਰਜਿਸਟਰਾਂ ਵਿੱਚ ਦਾਖਲ ਕੀਤਾ ਜਾਂਦਾ ਹੈ ਅਤੇ ਕੈਦੀ ਦੇ ਦਸਤਖਤ ਅੰਗੂਠੇ ਦੀ ਛਾਪ ਲਈ ਜਾਂਦੀ ਹੈ। ਫਿਰ ਇਨ੍ਹਾਂ ਚੀਜ਼ਾਂ ਨੂੰ ਸੁਰੱਖਿਅਤ ਹਿਰਾਸਤ ਵਿੱਚ ਰੱਖਿਆ ਜਾਂਦਾ ਹੈ ਅਤੇ ਜੇਲ੍ਹ ਤੋਂ ਰਿਹਾ ਹੋਣ ਤੇ ਉਸ ਵਿਅਕਤੀ ਨੂੰ ਸੌਂਪ ਦਿੱਤਾ ਜਾਂਦਾ ਹੈ।

13. ਡਾਕਟਰੀ ਜਾਂਚ ਕੀ ਹੈ? ਕੀ ਇਹ ਲਾਜ਼ਮੀ ਹੈ?

ਹਰੇਕ ਕੈਦੀ ਦੀ ਡਾਕਟਰੀ ਅਧਿਕਾਰੀ ਦੁਆਰਾ ਜੇਲ੍ਹ ਵਿੱਚ ਦਾਖਲੇ ਤੋਂ 24 ਘੰਟਿਆਂ ਵਿੱਚ ਲਾਜ਼ਮੀ ਜਾਂਚ ਕੀਤੀ ਜਾਣੀ ਚਾਹੀਦੀ ਹੈ। ਮੈਡੀਕਲ ਅਫਸਰ ਨੂੰ ਲਾਜ਼ਮੀ ਤੌਰ ਤੇ ਇਕ ਵਿਅਕਤੀ ਦੀ ਸਿਹਤ ਜਾਂਚ ਦਾ ਰਿਕਾਰਡ ਤਿਆਰ ਕਰਨਾ ਚਾਹੀਦਾ ਹੈ, ਜਿਸ ਵਿੱਚ ਆਮ ਤੋਰੋ ਤੇ ਉਮਰ, ਭਾਰ, ਬਿਮਾਰੀਆਂ ਦਾ ਇਤਿਹਾਸ ਅਤੇ ਪਦਾਰਥਾਂ ਦੀ ਦੁਰਵਰਤੋਂ ਅਤੇ ਟੀਕਿਆਂ ਸਮੇਤ ਉਨ੍ਹਾਂ ਦੀ ਸਰੀਰਕ ਸਿਹਤ ਦੀ ਸਥਿਤੀ ਦਾ ਵੇਰਵਾ ਸ਼ਾਮਲ ਹੁੰਦਾ ਹੈ। ਡਾਕਟਰੀ ਅਧਿਕਾਰੀ ਨੂੰ ਲਾਜ਼ਮੀ ਤੌਰ ਤੇ ਸਬੰਧਤ ਅਧਿਕਾਰੀਆਂ ਨੂੰ ਸੂਚਿਤ ਕਰਨਾ ਚਾਹੀਦਾ ਹੈ ਜੇ ਉਨ੍ਹਾਂ ਨੂੰ ਕੈਦੀ ਦੇ ਸਰੀਰ ਤੇ ਕੋਈ ਸੱਟ ਦੇ ਨਿਸ਼ਾਨ ਜਾਂ ਜ਼ਖ਼ਮ ਪਾਏ ਗਏ ਹਨ, ਖ਼ਾਸਕਰ ਜੇ ਉਹ ਤਾਜ਼ੇ ਹਨ, ਇਹ ਸੰਕੇਤ ਕਰਦੇ ਹਨ ਕਿ ਕੈਦੀ ਪੁਲਿਸ ਹਿਰਾਸਤ ਵਿਚ ਹੋਣ ਦੇ ਦੌਰਾਨ ਉਨ੍ਹਾਂ ਨੂੰ ਦੁਖ ਦਿੱਤਾ ਗਿਆ ਸੀ। ਡਾਕਟਰੀ ਰਿਕਾਰਡ ਵਿੱਚ ਇਹ ਵੀ ਦੱਸਣਾ ਲਾਜ਼ਮੀ ਹੈ ਕਿ ਜੇ ਕੋਈ ਕੈਦੀ ਗਰਭਵਤੀ ਹੈ ਜਾਂ ਕਿਸੇ ਛੂਤ ਵਾਲੀ ਬਿਮਾਰੀ ਤੋਂ ਪੀੜਤ ਹੈ ਜਿਵੇਂ ਕੋੜ੍ਹ ਜਾਂ ਐੱਚਆਈਵੀ/ਏਡਜ਼। ਇਹ ਰਿਕਾਰਡ, ਦੋਸ਼ੀ ਹੋਣ ਦੀ ਸੂਰਤ ਵਿੱਚ, ਕੈਦੀ ਨੂੰ ਨਿਰਧਾਰਤ ਕੀਤੇ ਜਾ ਰਹੇ ਕਿਰਤ ਦੀ ਪ੍ਰਕਿਰਤੀ ਦਾ ਫੈਸਲਾ ਕਰਨ ਲਈ ਵੀ ਅਧਾਰ ਬਣਾਉਂਦਾ ਹੈ।

14. ਜੇਲ੍ਹਾਂ ਵਿੱਚ ਕੀ-ਕੀ ਮੁਢਲੀਆ ਸਹੂਲਤਾਂ ਦਿੱਤੀਆ ਜਾਂਦੀਆ ਹਨ?

ਜੇਲ੍ਹ ਪ੍ਰਸ਼ਾਸਨ ਦੁਆਰਾ ਕੁਝ ਮੁਢਲੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ, ਜਾਂ ਕੈਦੀਆਂ ਨੂੰ ਆਪਣੀਆਂ ਸਹੂਲਤਾਂ ਪ੍ਰਾਪਤ ਕਰਨ ਦੀ ਇਜਾਜ਼ਤ ਹੁੰਦੀ ਹੈ ਜਾਂ ਜਿਥੇ ਉਪਲਬਧ ਹੈ, ਜੇਲ੍ਹ ਦੀਆਂ ਕੰਟੀਨਾਂ ਤੋਂ ਖਰੀਦਣ ਦੀ ਆਗਿਆ ਹੁੰਦੀ ਹੈ। ਹਾਲਾਂਕਿ, ਇਹ ਰਾਜਾਂ ਵਿੱਚ ਵੱਖਰਾ ਵੱਖਰਾ ਹੈ ਅਤੇ ਇੱਕ ਕੈਦੀ ਪੂਰੀ ਸੂਚੀ ਲਈ ਸਬੰਧਤ ਜੇਲ੍ਹ ਮੈਨੂਅਲ ਦਾ ਹਵਾਲਾ ਦੇ ਸਕਦਾ ਹੈ। ਆਮ ਤੋਰ ਤੇ ਇਲੈਕਟ੍ਰਾਨਿਕ ਚੀਜ਼ਾਂ ਜਿਵੇਂ ਕਿ ਮੋਬਾਈਲ, ਰੇਡੀਓ ਜਾਂ ਸੰਗੀਤ ਪਲੇਅਰਾਂ ਦੀ ਆਗਿਆ ਨਹੀਂ ਹੈ ਅਤੇ ਨਾ ਤਾਂ ਸਿਗਰੇਟ, ਬੀੜੀ, ਤੰਬਾਕੂ, ਜਾਂ ਪਾਨ ਮਸਾਲਾ, ਆਦਿ।

ਆਮ ਤੌਰ ਤੇ ਮੁਢਲੀਆਂ ਸਹੂਲਤਾਂ ਵਿੱਚ ਟਾਇਲਟਰੀਜ ਜਿਵੇਂ ਟੁੱਥਬ੍ਰਸ਼, ਟੁੱਥਪੇਸਟ, ਸਾਬਣ, ਸ਼ੈਂਪੂ, ਟਾੱਇਲਟ ਪੇਪਰ, ਸੈਨੇਟਰੀ ਨੈਪਕਿਨ ਅਤੇ ਨਿੱਜੀ ਚੀਜ਼ਾਂ ਜਿਵੇਂ ਕਿ ਅੰਡਰਗਾਰਮੈਂਟਸ, ਤੌਲੀਏ, ਜੁੱਤੀਆਂ ਅਤੇ ਚੱਪਲਾਂ, ਕਿਤਾਬਾਂ ਅਤੇ ਸਟੇਸ਼ਨਰੀ ਚੀਜ਼ਾਂ ਜਿਵੇਂ ਪੈਨਸਿਲ, ਨੋਟਬੁੱਕ, ਆਦਿ। ਅੰਡਰਟਰੈਲ ਕੈਦੀਆਂ ਲਈ ਨਿਯਮ ਸੁਵਿਧਾਜਨਕ ਹਨ, ਅਤੇ ਉਹਨਾਂ ਨੂੰ ਆਮ ਤੌਰ ਤੇ ਆਪਣੇ ਖੁਦ ਦੇ ਕੱਪੜੇ ਰੱਖਣ ਦੀ ਆਗਿਆ ਹੁੰਦੀ ਹੈ। ਕੈਦੀ ਮੈਡੀਕਲ ਅਫਸਰ ਤੋਂ ਇਜਾਜ਼ਤ ਲੈਣ ਤੋਂ ਬਾਅਦ ਨਿੱਜੀ ਦਵਾਈ ਲਈ ਸੀਲਬੰਦ/ਪੈਕ ਬ੍ਰਾਂਡ ਵਾਲੀਆਂ ਦਵਾਈਆਂ ਵੀ ਲੈ ਸਕਦੇ ਹਨ।

15. ਕੈਦੀਆਂ ਨੂੰ ਵਾਰਡਾਂ ਦੀ ਵੰਡ ਕਿਵੇਂ ਕੀਤੀ ਜਾਂਦੀ ਹੈ?

ਕੈਦੀਆਂ ਨੂੰ ਵਾਰਡਾਂ ਨੂੰ ਵੰਡਣ ਲਈ ਅਪਣਾਈਆਂ ਗਈਆਂ ਨੀਤੀਆਂ ਨਾ ਸਿਰਫ ਰਾਜਾਂ ਵਿੱਚ, ਬਲਕਿ ਇਕੋ ਰਾਜ ਦੀਆਂ ਜੇਲ੍ਹਾਂ ਵਿੱਚ ਵੀ ਭਿੰਨ ਹਨ। ਕੈਦੀਆਂ ਨੂੰ ਉਨ੍ਹਾਂ ਦੀ ਉਮਰ, ਸਰੀਰਕ ਅਤੇ ਮਾਨਸਿਕ ਸਿਹਤ, ਅਪਰਾਧ ਦੀ ਪ੍ਰਕਿਰਤੀ, ਮੁਕੱਦਮੇ ਦੀ ਸਥਿਤੀ, ਅਦਾਲਤ ਜਿਥੇ ਉਨ੍ਹਾਂ ਤੇ ਮੁਕੱਦਮਾ ਚੱਲ ਰਿਹਾ ਹੈ, ਅਪਰਾਧਿਕ ਰਿਕਾਰਡ ਅਤੇ ਸਜ਼ਾ ਦੀ ਲੰਬਾਈ, ਆਦਿ ਦੇ ਅਧਾਰਾ ਤੇ ਵੱਖ ਕੀਤਾ ਜਾ ਸਕਦਾ ਹੈ। ਆਮ ਤੋਰ ਤੇ, ਦੋਸ਼ੀ ਅਤੇ ਮੁਕੱਦਮੇ ਅਧੀਨ ਕੈਦੀਆਂ ਨੂੰ ਵੱਖਰੇ ਰੱਖਿਆ ਜਾਂਦਾ ਹੈ। ਜਿਵੇਂਕਿ ਮਰਦ ਅਤੇ ਔਰਤ ਕੈਦੀ। ਆਦਤਨ ਅਪਰਾਧੀ ਵੀ ਪਹਿਲੀ ਵਾਰ ਅਪਰਾਧੀ ਤੋਂ ਵੱਖਰੇ ਰੱਖੇ ਜਾਂਦੇ ਹਨ। ਕੈਦੀਆਂ ਨੂੰ ਆਮ ਤੌਰ ਤੇ 20-50 ਜਾਂ ਇਸ ਤੋਂ ਵੱਧ ਦੀਆਂ ਬੁਨਿਆਦੀ ਸਹੂਲਤਾਂ ਵਾਲੀਆਂ ਬੈਰਕਾਂ ਵਿੱਚ ਰੱਖਿਆ ਜਾਂਦਾ ਹੈ, ਇਹ ਬੁਨਿਆਦੀ ਢਾਂਚਾ ਸਮਰੱਥਾਵਾਂ ਤੇ ਨਿਰਭਰ ਕਰਦਾ ਹੈ ਜੋ ਜੇਲ੍ਹ ਤੋਂ ਜੇਲ੍ਹ ਅਤੇ ਰਾਜ ਤੋਂ ਰਾਜ ਵਿੱਚ ਵੱਖਰੇ ਹਨ।



## ਜੇਲ੍ਹ ਦੇ ਅੰਦਰ ਦੀ ਜ਼ਿੰਦਗੀ

16. ਕੀ ਕੈਦੀਆ ਨੂੰ ਸਾਰਾ ਦਿਨ ਆਪਣੇ ਵਾਰਡਾਂ ਦੇ ਵਿੱਚ ਹੀ ਰਹਿਣਾ ਪੈਦਾ ਹੈ?

ਨਹੀਂ, ਹਰੇਕ ਜੇਲ੍ਹ ਵਿੱਚ ਇੱਕ ਨਿਸ਼ਚਤ ਲਾਕ-ਇਨ ਅਤੇ ਲਾਕ-ਆਉਟ ਸਮਾਂ ਹੁੰਦਾ ਹੈ। ਆਮ ਤੌਰ ਤੇ ਜੇਲ੍ਹਾਂ ਨੂੰ ਸੂਰਜ ਡੁੱਬਣ ਤੋਂ ਲੈ ਕੇ ਸੂਰਜ ਚੜ੍ਹਨ ਤੱਕ ਬੰਦ ਕਰ ਦਿੱਤਾ ਜਾਂਦਾ ਹੈ ਅਤੇ ਆਮ ਸਥਿਤੀ ਵਿੱਚ ਕੈਦੀਆਂ ਨੂੰ ਇਨ੍ਹਾਂ ਘੰਟਿਆਂ ਦੌਰਾਨ ਘੁੰਮਣ ਦੀ ਆਗਿਆ ਨਹੀਂ ਹੁੰਦੀ। ਦਿਨ ਦੇ ਦੋਰਾਨ, ਵਿਹੜੇ, ਵਾਰਡਾਂ, ਨਹਾਉਣ ਅਤੇ ਆਲੇ ਦੁਆਲੇ ਮਨੋਰੰਜਨ ਦੀਆਂ ਗਤੀਵਿਧੀਆਂ ਦੇ ਲਈ ਕੁਝ ਖਾਸ ਸਮੇਂ ਨਿਰਧਾਰਤ ਕੀਤੇ ਜਾਂਦੇ ਹਨ। ਹਰ ਜੇਲ੍ਹ ਦੀ ਨੀਤੀ ਦੇ ਅਨੁਸਾਰ, ਕੈਦੀਆਂ ਨੂੰ ਦਿਨ ਵਿੱਚ ਕਈ ਵਾਰ ਗਿਣਿਆ ਜਾਂਦਾ ਹੈ।



17. ਕੀ ਕੈਦੀ ਜੇਲ੍ਹ ਵਿੱਚ ਹੁੰਦਿਆਂ ਆਪਣੇ ਧਾਰਮਿਕ ਵਿਸ਼ਵਾਸਾਂ ਦਾ ਪਾਲਣ ਕਰ ਸਕਦੇ ਹਨ?

ਹਾਂ, ਇਕ ਕੈਦੀ ਨੂੰ ਆਪਣੇ ਧਰਮ ਦੀ ਪਾਲਣਾ ਕਰਨ ਦੀ ਆਜ਼ਾਦੀ ਹੈ। ਹਾਲਾਂਕਿ, ਉਨ੍ਹਾਂ ਨੂੰ ਉਨ੍ਹਾਂ ਲੇਖਾਂ ਨੂੰ ਲਿਜਾਣ ਜਾਂ ਵਰਤਣ ਦੀ ਆਗਿਆ ਨਹੀਂ ਹੋ ਸਕਦੀ ਜੋ ਵਰਜਿਤ ਸ਼੍ਰੇਣੀ ਦੇ ਅਧੀਨ ਆਉਂਦੇ ਹਨ, ਜਿਵੇਂ ਕਿ ਕਿਰਪਾਨ। ਜੇਲ੍ਹ ਦੇ ਕੰਮਕਾਜ ਜਾਂ ਨਿਯਮਾਂ ਵਿਚ ਰੁਕਾਵਟ ਪਾਉਣ ਵਾਲੇ ਰੀਤੀ ਰਿਵਾਜਾਂ ਦੀ ਵੀ ਆਗਿਆ ਨਹੀਂ ਹੈ। ਕੈਦੀ ਆਪਣੇ ਧਾਰਮਿਕ ਵਿਸ਼ਵਾਸਾਂ ਅਨੁਸਾਰ ਵਿਸ਼ੇਸ਼ ਵਿਚਾਰਾਂ ਜਿਵੇਂ ਵੱਖਰੀ ਜਗ੍ਹਾ ਜਾਂ ਵਿਸ਼ੇਸ਼ ਖੁਰਾਕ ਲਈ ਅਧਿਕਾਰੀ ਇੰਚਾਰਜ ਨੂੰ ਬੇਨਤੀ ਕਰ ਸਕਦੇ ਹਨ।

18. ਕੈਦੀਆਂ ਲਈ ਖੁਰਾਕ ਸੰਬੰਧੀ ਪ੍ਰਬੰਧ ਕੀ ਹਨ?

ਸਾਰੇ ਕੈਦੀਆਂ ਨੂੰ ਦਿਨ ਵਿਚ ਤਿੰਨ ਤੋਂ ਪੰਜ ਵਾਰ ਭੋਜਨ ਦਿੱਤਾ ਜਾਂਦਾ ਹੈ। ਇਸ ਵਿੱਚ ਚਾਹ, ਹਲਕੇ ਸਨੈਕਸ ਅਤੇ ਤਿੰਨ ਖਾਣੇ ਸ਼ਾਮਲ ਹਨ। ਇੱਕ ਖੁਰਾਕ ਚਾਰਟ ਆਮ ਤੌਰ ਤੇ ਜੇਲ੍ਹ ਦੇ ਵਿਹੜੇ ਦੇ ਅੰਦਰ ਪ੍ਰਦਰਸ਼ਤ ਹੁੰਦਾ ਹੈ, ਜਾਂ ਜੇਲ੍ਹ ਦੇ ਅਧਿਕਾਰੀ ਜਾਂ ਜੇਲ੍ਹ ਮੈਨੂਅਲ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਜੇਲ੍ਹਾਂ ਦੇ ਰਾਸ਼ਨਾਂ ਵਿੱਚ ਮੁੱਢਲਾ ਅਤੇ ਸੰਤੁਲਿਤ ਭੋਜਨ ਜਿਵੇਂ ਦਾਲ ਅਤੇ ਚਾਵਲ ਜਾਂ ਰੋਟੀ ਸ਼ਾਮਲ ਹੁੰਦਾ ਹੈ ਅਤੇ ਇਸ ਵਿੱਚ ਸਬਜ਼ੀਆਂ ਅਤੇ ਕਈ ਵਾਰ ਮੀਟ ਜਾਂ ਅੰਡੇ ਸ਼ਾਮਲ ਹੋ ਸਕਦੇ ਹਨ। ਇਹ ਭਾਰਤ ਦੇ ਖੇਤਰਾਂ ਅਤੇ ਰਾਜਾਂ ਵਿੱਚ ਵੱਖਰਾ ਵੱਖਰਾ ਹੈ। ਕੁਝ ਕੈਦੀਆਂ ਨੂੰ ਮੈਡੀਕਲ ਅਧਿਕਾਰੀ ਦੇ ਨਿਰਦੇਸ਼ਾਂ ਅਨੁਸਾਰ ਜ਼ਰੂਰਤ ਅਨੁਸਾਰ ਖੁਰਾਕ ਵੀ ਦਿੱਤੀ ਜਾਂਦੀ ਹੈ। ਕੈਦੀਆਂ ਨੂੰ ਉਨ੍ਹਾਂ ਦੀ ਸਿਹਤ, ਕੰਮ ਜਾਂ ਧਾਰਮਿਕ ਵਿਸ਼ਵਾਸਾਂ ਅਨੁਸਾਰ ਵੱਖੋ ਵੱਖਰੇ ਖਾਣੇ ਅਲਾਟ ਕੀਤੇ ਜਾ ਸਕਦੇ ਹਨ। ਬਿਮਾਰ ਜਾਂ ਕਮਜ਼ੋਰ ਕੈਦੀ ਜਾਂ ਹਸਪਤਾਲ ਦੇ ਵਾਰਡ ਵਿਚ ਰਹਿਣ ਵਾਲੇ ਨੂੰ ਵੀ ਇਕ ਖ਼ਾਸ ਖੁਰਾਕ ਮਿਲਦੀ ਹੈ, ਜਿਵੇਂ ਗਰਭਵਤੀ ਜਾਂ ਦੁੱਧ ਚੁੰਘਾਉਣ ਵਾਲੀਆਂ ਔਰਤਾਂ ਅਤੇ ਬੱਚਿਆਂ ਨੂੰ।

19. ਕੀ ਕੋਈ ਕੈਦੀ ਜੇਲ੍ਹ ਵਿੱਚ ਬਾਹਰ ਦਾ ਖਾਣਾ ਲਜਾ ਸਕਦਾ ਹੈ?

ਅੰਡਰਟਰਾਯੀਲ ਕੈਦੀ ਕੁਝ ਸ਼ਰਤਾਂ ਦੇ ਅਧੀਨ ਅਤੇ ਸੁਪਰਡੈਂਟ ਦੀ ਆਗਿਆ ਨਾਲ ਬਾਹਰੋਂ ਭੋਜਨ ਪ੍ਰਾਪਤ ਕਰ ਸਕਦੇ ਹਨ। ਕੁਝ ਜੇਲ੍ਹਾਂ ਦੀਆਂ ਕੰਟੀਨਾਂ ਵੀ ਹਨ ਜਿਥੋਂ ਕੈਦੀ ਲਾਗੂ ਨਿਯਮਾਂ ਅਤੇ ਨਿਯਮਾਂ ਦੇ ਅਨੁਸਾਰ ਭੋਜਨ ਖਰੀਦ ਸਕਦੇ ਹਨ। ਕੰਟੀਨ



ਆਮ ਤੌਰ ਤੇ ਖਾਣ ਪੀਣ ਦੀਆਂ ਮੁਢਲੀਆਂ ਚੀਜ਼ਾਂ ਜਿਵੇਂ ਕਿ ਬਿਸਕੁਟ, ਨਮਕੀਨ, ਰੋਟੀ, ਮੱਖਣ, ਆਦਿ ਦਾ ਭੰਡਾਰ ਰੱਖਦੀਆਂ ਹਨ ਅਤੇ ਸਮੋਸਾ, ਕਚੋਡੀ, ਢੋਕਲਾ ਆਦਿ ਸਨੈਕਸ ਪ੍ਰਦਾਨ ਕਰ ਸਕਦੀਆਂ ਹਨ।

20. ਜੇਲ੍ਹਾਂ ਦੇ ਅੰਦਰ ਸਫਾਈ ਅਤੇ ਸਵੱਛਤਾ ਲਈ ਕੌਣ ਜ਼ਿੰਮੇਵਾਰ ਹੈ?

ਸਫਾਈ ਪ੍ਰਬੰਧ ਆਮ ਤੌਰ ਤੇ ਜੇਲ੍ਹ ਮੈਨੂਅਲ ਵਿੱਚ ਨਿਰਧਾਰਤ ਕੀਤੇ ਜਾਂਦੇ ਹਨ। ਜੇਲ੍ਹ ਦੇ ਸਟਾਫ ਅਤੇ ਕੈਦੀਆਂ ਦਾ ਫਰਜ਼ ਬਣਦਾ ਹੈ ਕਿ ਉਹ ਜੇਲ੍ਹ ਦੇ ਅੰਦਰ ਦੀ ਸਫਾਈ ਬਣਾਈ ਰੱਖਣ। ਕੈਦੀ ਆਮ ਤੌਰ ਤੇ ਆਪਣੇ ਰਹਿਣ ਵਾਲੀਆਂ ਥਾਵਾਂ ਦੀ ਸਫਾਈ ਲਈ ਜ਼ਿੰਮੇਵਾਰ ਹੁੰਦੇ ਹਨ, ਜਦੋਂ ਕਿ ਆਮ ਥਾਵਾਂ ਦੀ ਸਫਾਈ ਜਾਂ ਤਾਂ ਜੇਲ੍ਹ ਮਜ਼ਦੂਰਾਂ ਦੇ ਹਿੱਸੇ ਵਜੋਂ ਨਿਰਧਾਰਤ ਦੋਸ਼ੀ ਕੈਦੀਆਂ ਦੁਆਰਾ ਕੀਤੀ ਜਾਂਦੀ ਹੈ ਜਾਂ ਜੇਲ੍ਹ ਪ੍ਰਸ਼ਾਸਨ ਦੁਆਰਾ ਰੱਖੇ ਗਏ ਸਫ਼ਾਈ ਸੇਵਕਾਂ ਦੁਆਰਾ ਕੀਤੀ ਜਾਂਦੀ ਹੈ। ਸਫਾਈ ਸੇਵਕ ਵਾਰਡਾਂ ਦੇ ਅੰਦਰ ਪਖਾਨੇ ਅਤੇ ਆਮ ਨਹਾਉਣ ਵਾਲੇ ਖੇਤਰ ਅਤੇ ਟਾਇਲਟ ਖੇਤਰਾਂ ਨੂੰ ਸਾਫ ਕਰਦੇ ਹਨ।

21. ਕੀ ਜੇਲ੍ਹ ਦੇ ਅੰਦਰ ਪੀਣ ਵਾਲਾ ਸਾਫ ਪਾਣੀ ਉਪਲਬਧ ਹੈ?

ਹਰੇਕ ਕੈਦੀ ਨੂੰ ਸਾਫ ਅਤੇ ਸੁਰੱਖਿਅਤ ਪੀਣ ਵਾਲੇ ਪਾਣੀ ਦਾ ਅਧਿਕਾਰ ਹੈ। ਇਸ ਨੂੰ ਯਕੀਨੀ ਬਣਾਉਣ ਲਈ ਜੇਲ੍ਹਾਂ ਦੇ ਵੱਖੋ ਵੱਖਰੇ ਪ੍ਰਬੰਧ ਹਨ: ਕੁਝ ਫਿਲਟਰ ਪਾਣੀ ਮੁਹੱਈਆ ਕਰਦੇ ਹਨ ਜਾਂ ਰਿਵਰਸ ਓਸਮੋਸਿਸ (ਆਰ.ਓ.) ਪਲਾਂਟ ਸਥਾਪਿਤ ਕਰਦੇ ਹਨ, ਜਦੋਂ ਕਿ ਕੁਝ ਬੇਛਾਨਯਾ ਪਾਣੀ ਮੁਹੱਈਆ ਕਰਦੇ ਹਨ, ਜੋ ਸ਼ਾਇਦ ਖਪਤ ਦੇ ਅਨੁਕੂਲ ਨਾ ਹੋਣ। ਪਾਣੀ ਦੀ ਗੁਣਵੱਤਾ ਸੰਬੰਧੀ ਸ਼ਿਕਾਇਤਾਂ ਜੇਲ੍ਹਾਂ ਦੇ ਇੰਚਾਰਜ, ਕਾਨੂੰਨੀ ਸੇਵਾਵਾਂ ਅਥਾਰਟੀਆਂ ਦੇ ਅਧਿਕਾਰੀ ਜਾਂ ਵਿਜ਼ਟਰ ਬੋਰਡ ਦੇ ਮੈਂਬਰਾਂ ਨੂੰ ਦਿੱਤੀਆਂ ਜਾ ਸਕਦੀਆਂ ਹਨ।

22. ਕੈਦੀਆਂ ਨੂੰ ਸਿਹਤ ਦੇਖ-ਰੇਖ ਲਈ ਕਿਹੜੀਆਂ ਸਹੂਲਤਾਂ ਉਪਲਬਧ ਹਨ?

ਜਿਥੇ ਮੈਡੀਕਲ ਅਧਿਕਾਰੀ ਜੇਲ੍ਹ ਦੇ ਵਿੱਚ ਉਪਲਬਧ ਹਨ, ਬਿਮਾਰ ਕੈਦੀ ਉਨ੍ਹਾਂ ਨੂੰ ਸੂਚਿਤ ਕਰ ਸਕਦੇ ਹਨ, ਨਹੀਂ ਤਾਂ, ਜੇਲ੍ਹ ਪ੍ਰਸ਼ਾਸਨ ਨੂੰ ਲਾਜ਼ਮੀ ਤੌਰ ਤੇ ਇਹ ਸੁਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਕੈਦੀ ਮੈਡੀਕਲ ਅਧਿਕਾਰੀ ਨੂੰ ਮਿਲਦਾ ਹੈ। ਡਾਕਟਰੀ ਅਧਿਕਾਰੀ ਫਿਰ ਕੈਦੀ ਦੇ ਇਲਾਜ ਲਈ ਜ਼ਰੂਰੀ ਕਦਮ ਉਠਾ ਸਕਦੇ ਹਨ, ਜਿਸ ਵਿੱਚ ਦਵਾਈਆਂ ਦੇ ਨੁਸਖ਼ੇ, ਹੋਰ ਨਿਦਾਨ ਜਾਂਚਾਂ ਦੀ ਮੰਗ, ਜਾਂ ਜੇਲ੍ਹ

ਹਸਪਤਾਲ ਵਿੱਚ ਦਾਖਲਾ ਸ਼ਾਮਲ ਹੋ ਸਕਦੇ ਹਨ। ਡਾਕਟਰੀ ਅਧਿਕਾਰੀ ਕੈਦੀ ਦੀ ਖੁਰਾਕ ਜਾਂ ਲੇਬਰ ਦੇ ਕਾਰਜਕ੍ਰਮ ਨੂੰ ਉਹਨਾਂ ਦੀ ਸਿਹਤ ਦੀਆਂ ਜ਼ਰੂਰਤਾਂ ਦੇ ਅਨੁਸਾਰ ਬਦਲ ਸਕਦਾ ਹੈ। ਜਿਥੇ ਇਕ ਪੈਥੋਲੋਜੀ ਲੈਬ ਉਪਲਬਧ ਹੈ, ਉਥੇ ਜੇਲ੍ਹ ਦੇ ਅੰਦਰ ਹੀ ਡਾਇਗਨੌਸਟਿਕ ਟੈਸਟ ਕੀਤੇ ਜਾਂਦੇ ਹਨ. ਜੇਲ੍ਹ ਵਿਭਾਗ ਦੁਆਰਾ ਕੈਦੀਆਂ ਨੂੰ ਦਵਾਈਆਂ ਵੀ ਮੁਫਤ ਮੁਹੱਈਆ ਕਰਵਾਈਆਂ ਜਾਂਦੀਆਂ ਹਨ।

23. ਕੀ ਕੈਦੀ ਦੂਜੇ ਹਸਪਤਾਲਾਂ ਤੋਂ ਇਲਾਜ਼ ਕਰਵਾ ਸਕਦੇ ਹਨ?

ਹਾਂ, ਕੈਦੀਆਂ ਨੂੰ ਦੂਜੇ ਹਸਪਤਾਲਾਂ ਤੋਂ ਇਲਾਜ ਦੀ ਆਗਿਆ ਦਿੱਤੀ ਜਾ ਸਕਦੀ ਹੈ। ਡਾਕਟਰੀ ਅਧਿਕਾਰੀ ਸਥਾਨਕ ਹਸਪਤਾਲ ਵਿੱਚ ਵਿਸ਼ੇਸ਼ ਇਲਾਜ ਦੀ ਸਿਫਾਰਸ਼ ਕਰ ਸਕਦਾ ਹੈ, ਜਾਂ ਕੈਦੀ ਕਿਸੇ ਹੋਰ ਹਸਪਤਾਲ ਵਿੱਚ ਇਲਾਜ ਕਰਾਉਣ ਦੀ ਇਜਾਜ਼ਤ ਲੈਣ ਲਈ ਜੇਲ੍ਹ ਦੇ ਇੰਚਾਰਜ ਨੂੰ ਲਿਖ ਸਕਦਾ ਹੈ। ਉਹ ਜਿੱਥੇ ਉਨ੍ਹਾਂ ਦੇ ਕੇਸ ਦੀ ਸੁਣਵਾਈ ਕੀਤੀ ਜਾ ਰਹੀ, ਉਨ੍ਹਾਂ ਦੇ ਵਕੀਲ ਰਾਹੀਂ ਬਿਨੈ ਪੱਤਰ ਦੇ ਕੇ ਅਦਾਲਤ ਤੋਂ ਇਜਾਜ਼ਤ ਵੀ ਲੈ ਸਕਦੇ ਹਨ। ਜੇ ਕੈਦੀ ਕੋਲ ਕੋਈ ਵਕੀਲ ਨਹੀਂ ਹੁੰਦਾ, ਤਾਂ ਉਹ ਸਬੰਧਤ ਸੈਕਟਰੀ, ਕਾਨੂੰਨੀ ਸੇਵਾਵਾਂ ਅਥਾਰਟੀ ਨੂੰ ਲਿਖ ਸਕਦੇ ਹਨ, ਜਾਂ ਪੈਰਾਲੀਗਲ ਵਾਲੰਟੀਅਰ ਜਾਂ ਜੇਲ੍ਹ ਦੇ ਕਾਨੂੰਨੀ ਸਹਾਇਤਾ ਕਲੀਨਿਕ ਦੇ ਵਕੀਲ ਦੀ ਮਦਦ ਵੀ ਲੈ ਸਕਦੇ ਹਨ।

24. ਜੇਲ੍ਹ ਵਿੱਚ ਮਾਨਸਿਕ ਸਿਹਤ ਦੀਆਂ ਕਿਹੜੀਆਂ ਸਹੂਲਤਾਂ ਉਪਲਬਧ ਹਨ?

ਮਾਨਸਿਕ ਬਿਮਾਰੀ ਦਾ ਛੇਤੀ ਪਤਾ ਲਗਾਉਣਾ ਜਾਂ ਉਸ ਨੂੰ ਰੋਕਣ ਲਈ ਜੇਲ੍ਹ ਵਿਭਾਗ ਦੁਆਰਾ ਸਾਰੇ ਕੈਦੀਆਂ ਨੂੰ ਮਨੋਰੋਗ ਅਤੇ ਮਨੋਵਿਗਿਆਨਕ ਸਲਾਹ ਦਿੱਤੀ ਜਾਣੀ ਚਾਹੀਦੀ ਹੈ। ਹਰੇਕ ਕੇਂਦਰੀ ਅਤੇ ਜ਼ਿਲ੍ਹਾ ਜੇਲ੍ਹ ਵਿੱਚ ਯੋਗਤਾ ਪ੍ਰਾਪਤ ਮਨੋਚਿਕਿਤਸਕ ਦੀਆਂ ਸੇਵਾਵਾਂ ਲਈਆਂ ਜਾਣੀਆਂ ਚਾਹੀਦੀਆਂ ਹਨ ਜਿਸ ਦੀ ਸਹਾਇਤਾ ਮਨੋਵਿਗਿਆਨਕ ਅਤੇ ਇੱਕ ਮਨੋਵਿਗਿਆਨ ਵਿੱਚ ਸਿਖਲਾਈ ਪ੍ਰਾਪਤ ਸਮਾਜ ਸੇਵਕ ਦੁਆਰਾ ਕੀਤੀ ਜਾਣੀ ਚਾਹੀਦੀ ਹੈ। ਕੇਂਦਰੀ ਅਤੇ ਜ਼ਿਲ੍ਹਾ ਜੇਲ੍ਹਾਂ ਵਿੱਚ ਮਾਨਸਿਕ ਬਿਮਾਰੀ ਦੇ ਮੁਢਲੇ ਇਲਾਜ ਲਈ ਸਹੂਲਤਾਂ ਹੋਣ ਦੀ ਲੋੜ ਹੁੰਦੀ ਹੈ। ਸਬ-ਜੇਲ੍ਹਾਂ ਦੇ ਮਾਨਸਿਕ ਰੋਗਾਂ ਵਾਲੇ ਕੈਦੀਆਂ ਨੂੰ ਨਜ਼ਦੀਕੀ ਮਾਨਸਿਕ ਰੋਗ ਸਹੂਲਤਾਂ ਵੱਲ ਲਿਜਾਣਾ ਚਾਹੀਦਾ ਹੈ ਜਾਂ ਜ਼ਿਲ੍ਹਾ ਜਾਂ ਕੇਂਦਰੀ ਜੇਲ੍ਹਾਂ ਵਿੱਚ ਉਨ੍ਹਾਂ ਦਾ ਤਬਾਦਲਾ ਕਰਨਾ ਚਾਹੀਦਾ ਹੈ। ਸਾਰੀਆਂ ਜੇਲ੍ਹਾਂ ਨੂੰ ਰਸਮੀ ਤੌਰ ਤੇ ਮਾਨਸਿਕ ਹਸਪਤਾਲ ਨਾਲ ਜੁੜਨਾ ਚਾਹੀਦਾ ਹੈ। ਇਸ ਤੋਂ ਇਲਾਵਾ ਮਾਨਸਿਕ ਬਿਮਾਰੀ ਵਾਲੇ ਕੈਦੀਆਂ ਨੂੰ ਇਲਾਜ ਲਈ ਮਾਨਸਿਕ ਸਿਹਤ ਸੰਸਥਾਵਾਂ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ।

25. ਕੀ ਕੈਦੀ ਜੇਲ੍ਹ ਵਿੱਚ ਕੰਮ ਕਰ ਸਕਦੇ ਹਨ? ਕੀ ਉਨ੍ਹਾਂ ਨੂੰ ਤਨਖਾਹ ਦਿੱਤੀ ਜਾਂਦੀ ਹੈ?

ਹਾਂ, ਦੋਸ਼ੀ ਕੈਦੀਆਂ ਨੂੰ, ਖ਼ਾਸਕਰ ਜਿਨ੍ਹਾਂ ਨੂੰ ਸਖਤ ਕੈਦ ਦੀ ਸਜ਼ਾ ਦਿੱਤੀ ਜਾਂਦੀ ਹੈ, ਨੂੰ ਉਨ੍ਹਾਂ ਦੀ ਕੈਦ ਦੌਰਾਨ ਕੰਮ ਕਰਨ ਦਾ ਹੁਕਮ ਦਿੱਤਾ ਜਾ ਸਕਦਾ ਹੈ। ਜੇਲ੍ਹਾਂ ਦਾ ਅਧਿਕਾਰੀ ਇੰਚਾਰਜ ਕੈਦੀਆਂ ਨੂੰ ਕੰਮ ਸੌਂਪਦਾ ਹੈ। ਲੰਬੇ ਸਮੇਂ ਦੀ ਸਜ਼ਾ ਕੱਟ ਰਹੇ ਪੜ੍ਹੇ-ਲਿਖੇ ਕੈਦੀਆਂ ਨੂੰ ਕਈ ਵਾਰ ਜੇਲ੍ਹ ਪ੍ਰਸ਼ਾਸਨ ਦੀ ਸਹਾਇਤਾ ਲਈ ਕੰਮ ਸੌਂਪਿਆ ਜਾਂਦਾ ਹੈ। ਸਥਾਨਕ ਬੋਲੀ ਅਨੁਸਾਰ ਉਨ੍ਹਾਂ ਨੂੰ ਦੋਸ਼ੀ ਅਧਿਕਾਰੀ ਜਾਂ ਦੋਸ਼ੀ ਵਾਰਡਰ ਕਿਹਾ ਜਾਂਦਾ ਹੈ। ਕੈਦੀ ਆਮ ਤੋਰ ਤੇ ਫੈਕਟਰੀ ਜਾਂ ਨਿਰਮਾਣ ਯੂਨਿਟਾਂ, ਰਸੋਈ, ਸਫਾਈ, ਸੁਰੱਖਿਆ ਜਾਂ ਬਿਲਡਿੰਗ ਰੱਖ ਰਖਾਵ ਦੇ ਕੰਮ ਲਈ ਨਿਰਧਾਰਤ ਕੀਤੇ ਜਾਂਦੇ ਹਨ। ਕੁਝ ਕੈਦੀਆਂ ਨੂੰ ਕਾਨੂੰਨੀ ਸੇਵਾਵਾਂ ਅਥਾਰਟੀ ਦੁਆਰਾ ਪੈਰਾ ਲੀਗਲ ਵਜੋਂ ਸਿਖਲਾਈ ਦਿੱਤੀ ਜਾ ਸਕਦੀ ਹੈ ਅਤੇ ਉਹਨਾਂ ਨੂੰ ਜੇਲ੍ਹ ਕਾਨੂੰਨੀ ਸਹਾਇਤਾ ਕਲੀਨਿਕ ਵਿੱਚ ਕੰਮ ਕਰਨ ਲਈ ਨਿਰਧਾਰਤ ਕੀਤਾ ਜਾ ਸਕਦ ਹੈ। ਦੋਸ਼ੀ ਕੈਦੀ ਦੀ ਤਨਖਾਹ ਹੁਨਰਮੰਦ, ਅਰਧ-ਕੁਸ਼ਲ ਜਾਂ ਅਕਲਮੰਦ ਕਾਰਜਾਂ ਲਈ ਵੱਖਰੀ ਹੈ, ਪਰ ਉਹ ਰਾਜ ਦੁਆਰਾ ਨਿਰਧਾਰਤ ਘੱਟੋ ਘੱਟ ਉਜਰਤ ਤੋਂ ਘੱਟ ਨਹੀਂ ਹੋ ਸਕਦੇ। ਰਾਜ ਵਿੱਚ ਤਨਖਾਹਾਂ ਦੀਆਂ ਦਰਾਂ ਵੱਖ-ਵੱਖ ਹਨ।

ਅੰਡਰਟਰਾਇਲਜ ਨੂੰ ਜੇਲ੍ਹ ਵਿਚ ਕੰਮ ਕਰਨ ਲਈ ਨਹੀਂ ਕਿਹਾ ਜਾ ਸਕਦਾ ਅਤੇ ਨਾ ਹੀ ਸਧਾਰਨ ਕੈਦ ਦੀ ਸਜ਼ਾ ਵਾਲੇ ਕੈਦੀ ਨੂੰ ਕੰਮ ਕਰਨ ਲਈ ਕਹਿ ਸਕਦੇ ਹਨ। ਹਾਲਾਂਕਿ, ਉਹ ਸਵੈਇੱਛਤ ਤੋਰ ਤੇ ਜੇਲ੍ਹ ਅਧਿਕਾਰੀਆਂ ਤੋਂ ਕੰਮ ਕਰਨ ਦੀ ਇਜਾਜ਼ਤ ਲੈ ਸਕਦੇ ਹਨ, ਜਿਸ ਦੀ ਆਗਿਆ ਦਿੱਤੀ ਜਾ ਸਕਦੀ ਹੈ ਜਾਂ ਨਾਂ ਵੀ ਦਿੱਤੀ ਜਾ ਸਕਦੀ।

26. ਜੇ ਕੈਦੀ ਜੇਲ੍ਹ ਵਿੱਚ ਮਰ ਜਾਂਦਾ ਹੈ ਤਾਂ ਕੀ ਹੁੰਦਾ ਹੈ?

ਜੇਲ੍ਹ ਵਿਚ ਹੋਈ ਮੌਤ ਨੂੰ ਇਕ ਕਸਟਡਿਅਲ ਮੌਤ ਕਿਹਾ ਜਾਂਦਾ ਹੈ। ਹਿਰਾਸਤ ਵਿੱਚ ਹੋਣ ਵਾਲੀਆਂ ਸਾਰੀਆਂ ਮੌਤਾਂ ਦੀ ਜਾਣਕਾਰੀ ਨੂੰ ਇੱਥੇ ਭੇਜਿਆ ਜਾਂਦਾ ਹੈ:

(i) ਨਜ਼ਦੀਕੀ ਮੈਜਿਸਟ੍ਰੇਟ ਜਿਸ ਨੂੰ ਪੁੱਛਗਿੱਛ ਕਰਨ ਲਈ ਸੀਆਰਪੀਸੀ 1973 ਦੀ ਧਾਰਾ 174 ਅਤੇ 176 ਦੀ ਉਪ-ਧਾਰਾ (4) ਦੇ ਅਧੀਨ ਅਧਿਕਾਰ ਦਿੱਤਾ ਗਿਆ।

(ii) ਅਧਿਕਾਰਤ ਥਾਣੇ ਦਾ ਇੰਚਾਰਜ ਅਧਿਕਾਰੀ, ਜਿਸ ਨੂੰ ਮੁਢਲੀ ਪੜਤਾਲ ਕਰਨ ਦੀ ਲੋੜ ਹੁੰਦੀ ਹੈ।

(iii) ਰਾਸ਼ਟਰੀ ਅਤੇ ਰਾਜ ਮਨੁੱਖੀ ਅਧਿਕਾਰ ਕਮਿਸ਼ਨ, ਮੌਤ ਦੇ 24 ਘੰਟਿਆਂ ਦੇ ਅੰਦਰ ।

ਜਦੋਂ ਇਕ ਕੈਦੀ ਦੀ ਮੌਤ ਹੋ ਜਾਂਦੀ ਹੈ, ਤਾਂ ਉਨ੍ਹਾਂ ਦੀ ਮੌਤ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਲਾਜ਼ਮੀ ਤੌਰ ਤੇ ਜਾਂਚ ਕੀਤੀ ਜਾਣੀ ਚਾਹੀਦੀ ਹੈ - ਭਾਵੇਂ ਇਹ ਕੁਦਰਤੀ ਸੀ ਜਾਂ ਗੈਰ ਕੁਦਰਤੀ, ਕੀ ਡਾਕਟਰੀ ਦੇਖਭਾਲ ਦੀ ਲੋੜ ਸੀ ਅਤੇ ਮੁਹੱਈਆ ਕਰਵਾਈ ਗਈ ਸੀ, ਜਾਂ ਕੀ ਜੇਲ੍ਹ ਅਧਿਕਾਰੀਆਂ ਦੁਆਰਾ ਲਾਪਰਵਾਹੀ ਕੀਤੀ ਗਈ ਸੀ। ਜੇਲ੍ਹ ਵਿਭਾਗ ਦੀ ਇਹ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਕੈਦੀ ਦੇ ਪਰਿਵਾਰ ਨੂੰ ਮੌਤ ਬਾਰੇ ਤੁਰੰਤ ਸੂਚਤ ਕਰੇ।

27. ਕੀ ਕੈਦੀਆਂ ਦੇ ਅਧਿਕਾਰ ਅਤੇ ਫਰਜ਼ ਹਨ?

ਹਾਂ, ਕੈਦੀਆਂ ਕੋਲ ਭਾਰਤ ਦੇ ਸੰਵਿਧਾਨ ਦੁਆਰਾ ਗਾਰੰਟਿਡ ਸਾਰੇ ਬੁਨਿਆਦੀ ਅਧਿਕਾਰ ਹਨ। ਉਨ੍ਹਾਂ ਦੀਆਂ ਡਿਉਟੀਆਂ ਵੀ ਹੁੰਦੀਆਂ ਹਨ। ਸਾਰੇ ਕੈਦੀਆਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਨਿਯਮਾਂ ਦੀ ਪਾਲਣਾ ਕਰਨ, ਸਮਰੱਥ ਅਧਿਕਾਰੀਆਂ ਦੁਆਰਾ ਦਿੱਤੇ ਸਾਰੇ ਕਾਨੂੰਨੀ ਆਦੇਸ਼ਾਂ ਦੀ ਪਾਲਣਾ ਕਰਨ ਅਤੇ ਅਨੁਸ਼ਾਸਨ ਅਤੇ ਵਿਵਸਥਾ ਨੂੰ ਬਣਾਈ ਰੱਖਣ। ਉਨ੍ਹਾਂ ਨੂੰ ਹੋਰ ਕੈਦੀਆਂ ਅਤੇ ਜੇਲ੍ਹ ਕਰਮਚਾਰੀਆਂ ਦੇ ਅਧਿਕਾਰਾਂ ਦਾ ਵੀ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਝੂਠੇ ਦੋਸ਼ ਲਗਾਉਣ ਜਾਂ ਦੂਜਿਆਂ ਦੇ ਧਾਰਮਿਕ ਵਿਸ਼ਵਾਸ ਨੂੰ ਠੇਸ ਪਹੁੰਚਾਉਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਸਰਕਾਰੀ ਜਾਇਦਾਦ ਦੀ ਭੰਨਤੋੜ ਨਹੀਂ ਕਰਨੀ ਚਾਹੀਦੀ। ਸਾਰੇ ਕੈਦੀ ਸਫਾਈ ਅਤੇ ਸਫਾਈ ਦੇ ਨਿਰਧਾਰਤ ਮਾਪਦੰਡਾਂ ਨੂੰ ਬਣਾਈ ਰੱਖਣ ਲਈ ਜ਼ਿੰਮੇਵਾਰ ਹਨ।



## ਪਰਿਵਾਰ, ਦੋਸਤਾਂ ਅਤੇ ਵਕੀਲਾਂ ਨਾਲ ਸੰਪਰਕ

28. ਜੇਲ੍ਹ ਵਿੱਚ ਕੈਦੀ ਨੂੰ ਕੋਣ-ਕੌਣ ਕਿੰਨੇ ਵਾਰੀ ਮਿਲ ਸਕਦਾ ਹੈ?

ਜੇਲ੍ਹ ਨਿਯਮਾਂ ਦੇ ਅਨੁਸਾਰ ਮਿਥੇ ਦਿਨ ਅਤੇ ਸਮੇਂ ਤੇ ਕੈਦੀ ਨੂੰ ਆਪਣੇ ਪਰਿਵਾਰ, ਦੋਸਤ ਜਾਂ ਵਕੀਲ ਨੂੰ ਮਿਲਣ ਦੀ ਇਜਾਜਤ ਹੈ। ਮਿਲਣ ਦਾ ਸਮਾ ਹਫਤੇ ਵਿੱਚ ਦੋ ਵਾਰੀ ਤੋ ਲੈ ਕੇ ਇੱਕ ਵਾਰੀ ਤੱਕ ਹੋ ਸਕਦਾ ਹੈ। ਜੋ ਕਿ ਇਸ ਤੇ ਨਿਰਭਰ ਕਰਦਾ ਹੈ। ਕਿ ਕੈਦੀ ਮੁਕੱਦਮੇ ਅਧੀਨ ਹੈ, ਨਜ਼ਰਬੰਦ ਹੈ, ਸਿਵਲ ਕੈਦੀ ਹੈ ਜਾ ਸਜਾ-ਯਾਫਤਾ ਹੈ। ਜੇਲ੍ਹ ਵਿੱਚ ਇਸ ਤਰਾਂ ਮਿਲਣ ਦੇ ਸਿਸਟਮ ਨੂੰ ਮੁਲਾਕਾਤ ਕਿਹਾ ਜਾਂਦਾ ਹੈ।

29. ਮੁਲਾਕਾਤ ਕਿਵੇ ਕਰਵਾਈ ਜਾਂਦੀ ਹੈ?

ਆਂਮ ਤੌਰ ਤੇ ਮੁਲਾਕਾਤ ਇੱਕ ਆਮ ਜਾਂ ਸਾਂਝੇ ਖੇਤਰ ਵਿੱਚ ਹੁੰਦੀ ਹੈ। ਜਿੱਥੇ ਮੁਲਾਕਾਤੀ ਇੱਕ ਜਾਲੀ ਜਾਂ ਸਲਾਖਾਂ ਜਾਂ ਸੀਸੇ ਦੀ ਮੱਦਦ ਨਾਲ ਕੈਦੀ ਤੋਂ ਵੱਖਰਾਂ ਰੱਖਿਆ ਜਾਂਦਾ ਹੈ। ਮਿੱਥੇ ਨਿਯਮਾਂ ਦੇ ਅਨੁਸਾਰ ਮੁਲਾਕਾਤ ਦਾ ਅੰਤਰਾਲ 10 ਜਾਂ 30 ਮਿੰਟ ਹੋ ਸਕਦਾ ਹੈ। ਕੁਝ ਜੇਲ੍ਹਾਂ ਵਿੱਚ ਇਹ ਦਿਨ ਪਹਿਲਾਂ ਹੀ ਮਿੱਥੇ ਹੁੰਦੇ ਹਨ ਜਦੋਂ ਮੁਲਾਕਾਤ ਹੋ ਸਕਦੀ ਹੈ। ਮੁਲਾਕਾਤ ਤੋਂ ਪਹਿਲਾਂ ਮੁਲਾਕਾਤੀ ਦੀ ਤਲਾਸ਼ੀ ਲਈ ਜਾ ਸਕਦੀ ਹੈ। ਵਰਜਿਤ ਚੀਜਾਂ ਦੀ ਚੈਕਿੰਗ ਲਈ ਮੁਲਾਕਾਤ ਤੋਂ ਪਹਿਲਾਂ ਅਤੇ ਬਾਅਦ ਵਿੱਚ ਕੈਦੀ ਦੀ ਸਰੀਰਕ ਤਲਾਸ਼ੀ ਲਈ ਜਾ ਸਕਦੀ ਹੈ।

30. ਮੁਲਾਕਾਤੀ ਮੁਲਾਕਾਤ ਲਈ ਅਰਜੀ ਕਿਵੇਂ ਦੇ ਸਕਦਾ ਹੈ?

ਜੇਲ੍ਹਾਂ ਤੇ ਆਮ ਤੌਰ ਤੇ ਮੁਲਾਕਾਤ ਲਈ ਵੱਖਰੇ ਨਿਯਮ ਹੁੰਦੇ ਹਨ। ਕੁਝ ਜੇਲ੍ਹਾਂ ਤੇ ਮੁਲਾਕਾਤ ਦਾ ਟਾਇਮ ਲੈਣ ਲਈ ਮੁਲਾਕਾਤਾਂ ਟੈਲੀਫੋਨ, ਜਾ ਵੈਬ ਸਾਈਟ ਰਾਂਹੀ ਜਦ ਕਿ ਕੁਝ ਜੇਲ੍ਹਾ ਵਿੱਚ ਮੁਲਾਕਾਤੀ ਨੂੰ ਨਿੱਜੀ ਤੌਰ ਤੇ ਜੇਲ੍ਹਾਂ ਤੇ ਜਾਣਾ ਪੈਦਾ ਹੈ। ਜਾ ਲਾਈਨ ਵਿੱਚ ਖੜੇ ਹੋਣਾ ਪੈਦਾ ਹੈ ਤਾਂ ਹੀ ਉਹ ਮੁਲਾਕਾਤ ਕਰ ਸਕਦੇ ਹਨ। ਹਰੇਕ ਮੁਲਾਕਾਤੀ ਨੂੰ ਆਪਣਾ ਇੱਕ ਪਹਿਚਾਣ ਪੱਤਰ ਜਿਵੇਂ ਕਿ ਰਾਸ਼ਨ ਕਾਰਡ, ਅਧਾਰ ਕਾਰਡ, ਵੋਟਰ ਸਨਾਖਤੀ ਕਾਰਡ ਲੈ ਕੇ ਆਉਣਾ ਜਰੂਰੀ ਹੈ।

31. ਕੀ ਮੁਲਾਕਾਤ ਦੌਰਾਨ ਮੁਲਾਕਾਤੀ ਕੈਦੀ ਨੂੰ ਖਾਣਾ, ਕੱਪੜੇ ਜਾ ਦਵਾਈਆ ਦੇ ਸਕਦਾ ਹੈ?

ਹਾਂ, ਮੁਲਾਕਾਤੀ ਕੈਦੀ ਨੂੰ ਕੁਝ ਮੰਨਜੂਰ ਸ਼ੁਦਾ ਚੀਜਾਂ ਦੇ ਸਕਦੇ ਹਨ। ਪਰ ਸੁਰੱਖਿਆਂ

ਦੇ ਕਾਰਨਾ ਕਰਕੇ ਇਹ ਚੀਜਾਂ ਕੈਦੀ ਨੂੰ ਸਿੱਧੀਆਂ ਨਹੀ ਦਿੱਤੀਆ ਜਾ ਸਕਦੀਆ। ਆਮ ਤੌਰ ਤੇ ਇਹ ਚੀਜਾ ਜੇਲ੍ਹ ਅਧਿਕਾਰੀਆ ਨੂੰ ਜੇਲ੍ਹ ਦੇ ਮੁੱਖ ਗੇਟ ਤੇ ਦਿੱਤੀਆ ਜਾਂਦੀਆ ਹਨ ਅਤੇ ਨਿਰੱਖਣ ਕਰਨ ਤੋ ਬਾਦ ਕੈਦੀਆ ਨੂੰ ਦਿੱਤੀਆ ਜਾਂਦੀਆ ਹਨ। ਜਿੰਨਾ ਜਿੰਨਾਂ ਜੇਲ੍ਹਾ ਵਿੱਚ ਕੰਨਟੀਨ ਦੀ ਸੁਵਿੱਧਾ ਹੈ। ਉਥੇ ਮੁਲਾਕਾਤੀਆ ਨੂੰ ਖਾਤੇ ਵਿੱਚ ਪੈਸੇ ਜਮਾਂ ਕਰਵਾਉਣੀ ਇਜਾਜਤ ਹੁੰਦੀ ਹੈ ਤਾ ਜੋ ਕੈਦੀ ਉਹਨਾ ਪੈਸਿਆ ਦੇ ਨਾਲ ਕੰਨਟੀਨ ਤੋ ਚੀਜਾ ਖਰੀਦ ਸਕੇ।

32. ਕੀ ਕੈਦੀਆ ਨੂੰ ਫੋਨ ਕਾਲ ਕਰਨ ਦੀ ਇਜਾਜਤ ਹੈ? ਇਹਨਾਂ ਕਾਲਾ ਦਾ ਖਰਚਾ ਕੋਣ ਕਰਦਾ ਹੈ?

ਹਾਂ, ਕੈਦੀ ਫੋਨ ਕਾਲ ਕਰ ਸਕਦੇ ਹਨ।ਪਰ ਸਿਰਫ ਉਹਨਾ ਜੇਲ੍ਹਾ ਵਿੱਚ ਜਿੱਥੇ ਇਹ ਸਹੂਲਤ ਉਪਲਬਧ ਹੈ। ਇਸ ਨੂੰ ਆਮ ਤੌਰ ਤੇ ਪ੍ਰੀਜਨ ਕੈਦੀ ਕਾਲਿੰਗ ਸਿਸਟਮ ਕਿਹਾ ਜਾਂਦਾ ਹੈ ਅਤੇ ਇਹ ਦੋ ਜਾਂ ਤਿੰਨ ਪਹਿਲਾ ਤੋ ਰਜਿਸਟਰਡ ਨੰਬਰਾ ਨਾਲ ਗੱਲ ਕਰਨ ਲਈ ਵਰਤਿਆ ਜਾ ਸਕਦਾ ਹੈ। ਇਸ ਰਾਹੀ ਕੈਦੀ ਆਪਣੇ ਪਰਿਵਾਰ, ਰਿਸਤੇਦਾਰਾ, ਦੋਸਤਾ, ਜਾ ਵਕੀਲ ਨਾਲ ਗੱਲ ਕਰ ਸਕਦਾ ਹੈ। ਆਮ ਤੌਰ ਤੇ ਕੈਦੀਆ ਨੂੰ ਖੁਦ ਹੀ ਇਸ ਦਾ ਖਰਚਾ ਸਹਿਣਾ ਪੈਦਾ ਹੈ। ਕਾਲ ਦਾ ਸਮਾ ਜੇਲ੍ਹਾ ਵਿੱਚ ਅਲੱਗ ਅਲੱਗ ਹੁੰਦਾ ਹੈ।

33. ਕੀ ਕੈਦੀਆਂ ਨੂੰ ਪੱਤਰ ਲਿਖਣ ਦੀ ਆਗਿਆ ਹੈ? ਇਸ ਦਾ ਖਰਚਾ ਕੋਣ ਚੁੱਕਦਾ ਹੈ?

ਕੈਦੀਆਂ ਨੂੰ ਜੇਲ੍ਹ ਤੋਂ ਆਪਣੇ ਪਰਿਵਾਰ, ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਚਿੱਠੀ ਲਿਖਣ ਦੀ ਇਜ਼ਾਜ਼ਤ ਹੈ ਅਤੇ ਚਿੱਠੀਆਂ, ਫੋਟੋਆਂ ਅਤੇ ਦਸਤਾਵੇਜ਼ ਵੀ ਪ੍ਰਾਪਤ ਕਰਦੇ। ਇਹ ਵਾਜਬ ਸੈਂਸਰਸ਼ਿਪ ਦੇ ਅਧੀਨ ਹੋ ਸਕਦੇ ਹਨ। ਪੱਤਰਾਂ ਦੀ ਜਾਂਚ ਜੇਲ੍ਹ ਦੇ ਅਧਿਕਾਰੀ ਇੰਚਾਰਜ ਦੁਆਰਾ ਕੀਤੀ ਜਾ ਸਕਦੀ ਹੈ ਅਤੇ ਕੋਈ ਅਪਮਾਨਜਨਕ ਜਾਂ ਕੋਡ ਸਮੱਗਰੀ ਸੈਂਸਰ ਕੀਤੀ ਜਾ ਸਕਦੀ ਹੈ ਜਾਂ ਪੱਤਰ ਨੂੰ ਰੋਕਿਆ ਜਾ ਸਕਦਾ ਹੈ। ਕੁੱਝ ਜੇਲ੍ਹਾਂ ਵਾਇਰਿੰਗ ਸਮਗਰੀ ਅਤੇ ਡਾਕ ਟਿਕਟ ਪ੍ਰਦਾਨ ਕਰਦੀਆਂ ਹਨ। ਸੁਪਰਡੰਟ ਜੇਲ੍ਹ ਦੇ ਨਿਯਮਾਂ ਅਨੁਸਾਰ ਅਜਿਹੇ ਸੰਚਾਰ ਦੀ ਬਾਰੰਬਾਰਤਾ ਦਾ ਫੈਸਲਾ ਵੀ ਕਰ ਸਕਦਾ ਹੈ। ਕੁੱਝ ਜੇਲ੍ਹਾਂ ਪੋਸਟ ਕਾਰਡ ਮੁਫਤ ਮੁਹੱਈਆ ਕਰਵਾਉਂਦੀਆਂ ਹਨ, ਜਦੋਂ ਕਿ ਹੋਰਨਾਂ ਵਿੱਚ, ਕੈਦੀਆਂ ਨੂੰ ਪੱਤਰਾਂ ਲਈ ਅਦਾਇਗੀ ਕਰਨੀ ਪੈਂਦੀ ਹੈ।

34. ਕੀ ਕੈਦੀਆਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਸੰਪਰਕ ਕਰਨ ਦੀ ਆਗਿਆ ਹੈ?

ਹਾਂ, ਜਿੱਥੇ ਸਹੂਲਤਾਂ ਉਪਲਬਧ ਹਨ, ਓਥੇ ਇਸ ਸੰਬੰਧ ਵਿੱਚ ਜੇਲ੍ਹ ਇੰਚਾਰਜ ਅਧਿਕਾਰੀ ਨੂੰ ਇੱਕ ਬੇਨਤੀ ਜਮ੍ਹਾਂ ਕਰਨ ਤੋਂ ਬਾਅਦ ਜੇਲ੍ਹਾਂ ਦਾ ਇੰਚਾਰਜ ਇੱਕ ਕੈਦੀ ਨੂੰ ਆਪਣੇ ਪਰਿਵਾਰ ਦੇ ਮੈਂਬਰਾਂ ਨਾਲ ਵੀਡੀਓ ਕਨਫਰੈਂਸ ਰਾਹੀਂ ਸੰਪਰਕ ਕਰਨ ਦੀ ਇਜਾਜ਼ਤ ਦੇ ਸਕਦਾ ਹੈ। ਜੇਕਰ ਜੇਲ੍ਹ ਅਧਿਕਾਰੀ ਬੇਨਤੀ ਤੇ ਸਹਿਮਤ ਨਹੀਂ ਹੁੰਦੇ ਤਾਂ ਅਦਾਲਤ ਤੋਂ ਇਜਾਜ਼ਤ ਵੀ ਮੰਗੀ ਜਾ ਸਕਦੀ ਹੈ। ਇੱਕ ਵਾਰ ਮਨਜ਼ੂਰ ਹੋ ਜਾਣ ਤੋਂ ਬਾਅਦ, ਕੋਈ ਵੀ ਵੀਡੀਓ ਕਾਨਫਰੰਸਿੰਗ ਦੁਆਰਾ ਮੁਲਾਕਾਤਾਂ ਦੀ ਪ੍ਰਕਿਰਿਆ ਲਈ ਜੇਲ੍ਹ ਵਿੱਚ ਜਾ ਸਕਦਾ ਹੈ।

35. ਕੀ ਕੈਦੀਆਂ ਨੂੰ ਆਪਣੇ ਪਤੀ-ਪਤਨੀ ਨੂੰ ਮਿਲਣ ਦੀ ਆਗਿਆ ਹੈ ਜੇ ਉਹ ਹੋਰ ਜੇਲ੍ਹ ਵਿੱਚ ਬੰਦ ਹਨ?

ਹਾਂ ਜੇਲ੍ਹਾਂ ਦਾ ਇੰਚਾਰਜ ਅਧਿਕਾਰੀ ਕੈਦੀਆਂ ਦਰਮਿਆਨ ਮੁਲਾਕਾਤਾਂ ਦੀ ਆਗਿਆ ਦੇ ਸਕਦਾ ਹੈ, ਪਰ ਇੱਕ ਕੈਦੀ ਨੂੰ ਇਸ ਦੀ ਮੰਗ ਕਰਨ ਲਈ ਇੱਕ ਬੇਨਤੀ ਜ਼ਰੂਰ ਜਮ੍ਹਾ ਕਰਨੀ ਚਾਹੀਦੀ ਹੈ। ਇਕੋ ਜੇਲ੍ਹ ਵਿੱਚ ਬੰਦ ਪਤੀ-ਪਤਨੀ ਜਾਂ ਇਕੋ ਸ਼ਹਿਰ ਵਿਚ ਵੱਖ-ਵੱਖ ਜੇਲ੍ਹਾਂ ਵਿਚ ਮੁਲਾਕਾਤਾਂ ਦੀ ਇਜਾਜ਼ਤ ਹੋ ਸਕਦੀ ਹੈ।

36. ਕੀ ਕੈਦੀਆਂ ਨੂੰ ਆਪਣੇ ਬੱਚਿਆਂ ਨੂੰ ਮਿਲਣ ਦੀ ਆਗਿਆ ਹੈ?

ਹਾਂ, ਕੈਦੀ ਆਪਣੇ ਬੱਚਿਆਂ ਨੂੰ ਮਿਲ ਸਕਦੇ ਹਨ। ਕੁਝ ਜੇਲ੍ਹਾਂ ਕੈਦੀਆਂ ਨੂੰ ਆਪਣੇ ਬੱਚਿਆਂ ਨਾਲ ਦਫਤਰੀ ਖੇਤਰ ਦੇ ਇੱਕ ਕਮਰੇ ਵਿੱਚ ਮਿਲਣ ਦੀ ਆਗਿਆ ਦੇ ਕੇ ਸਰੀਰਕ ਮੁਲਾਕਾਤਾਂ ਕਰਨ ਦੀ ਆਗਿਆ ਦਿੰਦੀਆਂ ਹਨ। ਇਸ ਤੋਂ ਇਲਾਵਾ, ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਆਪਣੀ ਮਾਂ ਦੇ ਨਾਲ ਜੇਲ੍ਹ ਵਿਚ ਰਹਿਣ ਦੀ ਆਗਿਆ ਹੈ। ਕੁਝ ਰਾਜ ਬੱਚਿਆਂ ਨੂੰ ਆਪਣੇ ਪਿਤਾ ਦੇ ਨਾਲ ਰਹਿਣ ਦੀ ਆਗਿਆ ਦਿੰਦੇ ਹਨ। ਜਿੱਥੇ ਬੱਚਾ ਇੱਕ ਪਨਾਹ ਘਰ ਵਿੱਚ ਹੈ, ਜੇਲ੍ਹ ਦੇ



ਇੰਚਾਰਜ ਅਧਿਕਾਰੀ ਅਤੇ ਪਨਾਹ ਘਰ ਦੇ ਇੰਚਾਰਜ ਅਧਿਕਾਰੀ ਤੋਂ ਆਗਿਆ ਲੈਣੀ ਲਾਜ਼ਮੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੈਦੀਆਂ ਦੁਆਰਾ ਉਨ੍ਹਾਂ ਦੇ ਬੱਚਿਆਂ ਨਾਲ ਬਾਕਾਇਦਾ ਮੁਲਾਕਾਤ ਕੀਤੀ ਜਾ ਸਕੇ।

37. ਜੇ ਕੈਦੀ ਦਾ ਪਰਿਵਾਰ ਦੂਰ ਰਹਿਦਾ ਹੈ, ਤਾਂ ਪਰਿਵਾਰ ਨਾਲ ਸੰਪਰਕ ਨੂੰ ਯਕੀਨੀ ਬਣਾਉਣ ਲਈ ਕਿਹੜੇ ਵਿਕਲਪ ਉਪਲਬਧ ਹਨ?

ਅਜਿਹੀਆਂ ਸਥਿਤੀਆਂ ਵਿੱਚ, ਇੱਕ ਕੈਦੀ ਆਪਣੇ ਘਰ ਦੇ ਨੇੜੇ ਇੱਕ ਜੇਲ੍ਹ ਵਿੱਚ ਬਦਲੀ ਦੀ ਮੰਗ ਕਰ ਸਕਦਾ ਹੈ। ਇਸ ਬਾਰੇ ਇਕ ਅਰਜ਼ੀ ਇੰਚਾਰਜ ਅਧਿਕਾਰੀ ਨੂੰ ਦਿੱਤੀ ਜਾਣੀ ਚਾਹੀਦੀ ਹੈ ਜੋ ਸੁਰੱਖਿਆ, ਕੈਦੀ ਦੀ ਤੰਦਰੁਸਤੀ ਅਤੇ ਪ੍ਰਬੰਧਕੀ ਸਹੂਲਤਾਂ ਦੇ ਅਧਾਰ ਤੇ ਫੈਸਲਾ ਲਵੇਗਾ। ਇਕ ਹੋਰ ਵਿਕਲਪ ਪਰਿਵਾਰਕ ਮੈਂਬਰਾਂ ਨਾਲ ਗੱਲਬਾਤ ਕਰਨ ਲਈ ਵੀਡੀਓ ਕਾਨਫਰੰਸਿੰਗ ਜਾਂ ਟੈਲੀਫੋਨ ਸੁਵਿਧਾਵਾਂ ਦੀ ਵਰਤੋਂ ਕਰਨਾ ਹੈ।

38. ਕੀ ਵਕੀਲ ਵੀ ਜੇਲ੍ਹ ਵਿੱਚ ਆਪਣੇ ਮੁਅੱਕਿਲ ਨੂੰ ਮਿਲ ਸਕਦੇ ਹਨ? ਕੀ ਉਨ੍ਹਾਂ ਦੇ ਮੁਲਾਕਾਤਾਂ ਲਈ ਵਿਧੀ ਵੀ ਇਕੋ ਜਿਹੀ ਹੈ?

ਹਾਂ, ਵਕੀਲਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਲੋੜ ਪੈਣ ਤੇ ਆਪਣੇ ਮੁਅੱਕਿਲ ਨੂੰ ਮਿਲਣ। ਆਮ ਤੌਰ ਤੇ, ਵਕੀਲਾਂ ਦੇ ਮੁਲਾਕਾਤਾਂ ਤੇ ਕੁੱਝ ਪਾਬੰਦੀਆਂ ਹਨ ਅਤੇ ਕੁਝ ਜੇਲ੍ਹਾਂ ਇਸ ਗੱਲਬਾਤ ਲਈ ਵੱਖਰੀਆਂ ਥਾਂਵਾਂ ਜਾਂ ਕਮਰੇ ਪ੍ਰਦਾਨ ਕਰਦੀਆਂ ਹਨ। ਵਕੀਲ ਆਪਣੀ ਮੁਲਾਕਾਤ ਦੀ ਮਿਤੀ ਅਤੇ ਸਮਾਂ ਤਹਿ ਕਰਨ ਲਈ ਜੇਲ੍ਹ ਦੇ ਇੰਚਾਰਜ ਅਧਿਕਾਰੀ ਨਾਲ ਸੰਪਰਕ ਕਰ ਸਕਦੇ ਹਨ।




## ਮਨੋਰੰਜਨ ਅਤੇ ਹੋਰ ਸਹੂਲਤਾਂ

39 ਕੀ ਕੈਦੀਆਂ ਨੂੰ ਜੇਲ੍ਹ ਵਿੱਚ ਅਖਬਾਰਾਂ, ਕਿਤਾਬਾਂ ਆਦਿ ਪੜ੍ਹਨ ਦੀ ਆਗਿਆ ਹੈ?

ਜੇਲ੍ਹਾਂ ਦੇ ਇੰਚਾਰਜ ਅਧਿਕਾਰੀ ਤੋਂ ਆਗਿਆ ਦੇ ਅਧੀਨ, ਇਕ ਕੈਦੀ ਕਿਤਾਬਾਂ ਰੱਖ ਸਕਦਾ ਹੈ। ਕੈਦੀ ਜੇਲ੍ਹ ਦੀ ਲਾਇਬ੍ਰੇਰੀ ਤੋਂ ਕਿਤਾਬਾਂ ਅਤੇ ਅਖਬਾਰਾਂ ਪੜ੍ਹ ਸਕਦੇ ਹਨ ਜਾਂ ਉਧਾਰ ਲੈ ਸਕਦੇ ਹਨ।

40. ਕੀ ਕੈਦੀ ਸੰਗੀਤ ਸੁਣ ਸਕਦੇ ਹਨ ਜਾਂ ਹੋਰ ਮਨੋਰੰਜਕ ਗਤੀਵਿਧੀਆਂ ਵਿੱਚ ਸ਼ਾਮਲ ਹੋ ਸਕਦੇ ਹਨੈ?

ਮਨੋਰੰਜਨ ਦੀਆਂ ਸਹੂਲਤਾਂ ਹਰੇਕ ਜੇਲ੍ਹ ਤੇ ਵੱਖਰੀਆਂ ਵੱਖਰੀਆਂ ਹਨ। ਕੁਝ ਨਿਰਧਾਰਤ ਸਮੇਂ ਤੇ ਇੱਕ ਕੇਂਦਰੀ ਨਿਯੰਤਰਿਤ ਸਾਂਝਾ ਰੇਡੀਓ ਜਾਂ ਬੈਰਕਾਂ ਵਿੱਚ ਟੈਲੀਵਿਜ਼ਨ ਪ੍ਰਦਾਨ ਕਰਦੇ ਹਨ। ਕੁਝ ਹੋਰ ਜੇਲ੍ਹਾਂ ਕੈਦੀਆਂ ਦੇ ਬੈਂਡ ਜਾਂ ਥੀਏਟਰ ਸਮੂਹਾਂ ਦੀ ਆਗਿਆ ਦਿੰਦੇ ਹਨ, ਜਿਸ ਵਿੱਚ ਕੈਦੀ ਉਨ੍ਹਾਂ ਦੇ ਹਿੱਤਾਂ ਅਤੇ ਯੋਗਤਾਵਾਂ ਦੇ ਅਧਾਰ ਤੇ ਹਿੱਸਾ ਬਣ ਸਕਦੇ ਹਨ। ਕੁਝ ਕੈਦੀਆਂ ਨੂੰ ਫੁੱਟਬਾਲ, ਕ੍ਰਿਕਟ, ਵਾਲੀਬਾਲ ਆਦਿ ਖੇਡਾਂ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਦਿੰਦੇ ਹਨ ਜਾਂ ਅੰਦਰੂਨੀ ਬੋਰਡ ਦੀਆਂ ਖੇਡਾਂ ਜਿਵੇਂ ਕੈਰਮ ਆਦਿ ਖੇਡਣ ਦੀ ਇਜਾਜ਼ਤ ਦਿੰਦੀਆ ਹਨ।

41. ਕੀ ਕੈਦੀਆਂ ਨੂੰ ਵਿਦਿਅਕ ਕੋਰਸ ਕਰਨ ਦੀ ਆਗਿਆ ਹੈ?

ਹਾਂ, ਇੱਕ ਕੈਦੀ ਜੇਲ੍ਹ ਵਿੱਚ ਰਹਿੰਦੇ ਹੋਏ ਆਪਣੀ ਪੜ੍ਹਾਈ ਕਰ ਸਕਦਾ ਹੈ ਜਾਂ ਸ਼ੁਰੂ ਕਰ ਸਕਦਾ ਹੈ। ਉਹਨਾਂ ਨੂੰ ਕਿਸੇ ਵੀ ਇਮਤਿਹਾਨ ਵਿੱਚ ਸ਼ਾਮਲ ਹੋਣ ਦੀ ਆਗਿਆ ਹੈ। ਵਿਦਿਅਕ ਕੋਰਸ ਕਰ ਰਹੇ ਕੈਦੀਆਂ ਨੂੰ ਉਨ੍ਹਾਂ ਦੇ ਪਰਿਵਾਰ ਜਾਂ ਦੋਸਤਾਂ ਤੋਂ ਕਿਤਾਬਾਂ ਅਤੇ ਲਿਖਣ ਸਮੱਗਰੀ ਪ੍ਰਾਪਤ ਕਰਨ ਦੀ ਆਗਿਆ ਹੈ, ਅਤੇ ਰਾਜ ਦੁਆਰਾ ਕਿਤਾਬਾਂ ਵੀ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ ਜਾਂ ਉਨ੍ਹਾਂ ਨੂੰ ਖੁਦ ਖਰੀਦਣ ਦੀ ਆਗਿਆ ਦਿੱਤੀ ਜਾ ਸਕਦੀ ਹੈ। ਕੁਝ ਜੇਲ੍ਹਾਂ ਵਿੱਚ ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ, ਬਾਲਗ ਸਾਖਰਤਾ ਪ੍ਰੋਗਰਾਮਾਂ ਅਤੇ ਇੱਥੋਂ ਤਕ ਕਿ ਕੰਪਿਊਟਰ ਕੇਂਦਰਾਂ ਵਿੱਚ ਸੂਚਨਾ ਤਕਨਾਲੋਜੀ ਕੋਰਸ ਅਧੀਨ ਵਿਸ਼ੇਸ਼ ਪ੍ਰੋਗਰਾਮ ਹਨ। ਕੈਦੀਆਂ ਨੂੰ ਆਪਣੀ ਪੜ੍ਹਾਈ ਦੀ ਆਗਿਆ ਲੈਣ ਲਈ ਜੇਲ੍ਹ ਅਧਿਕਾਰੀਆਂ ਨੂੰ ਲਾਜ਼ਮੀ ਤੌਰ ਤੇ ਅਰਜ਼ੀ ਦੇਣੀ ਚਾਹੀਦੀ ਹੈ।

42. ਕੀ ਕੈਦੀ ਕੈਦ ਵਿੱਚ ਹੋਣ ਤੇ ਬੈਂਕ ਖਾਤੇ ਖੋਲ੍ਹ ਸਕਦੇ ਹਨ?

ਹਾਂ, ਕੈਦੀਆਂ ਨੂੰ ਖਾਤੇ ਖੋਲ੍ਹਣ ਦੀ ਆਗਿਆ ਹੈ। ਕੁਝ ਰਾਜਾਂ ਨੇ ਸਾਰੇ ਕੈਦੀਆਂ ਲਈ ਬੈਂਕ ਖਾਤੇ ਖੋਲ੍ਹ ਦਿੱਤੇ ਹਨ। ਬੈਂਕ ਅਕਾਉਂਟ ਦੀ ਵਰਤੋਂ ਤਨਖਾਹ ਦੇ ਪੈਸੇ ਜਮ੍ਹਾ ਕਰਨ ਲਈ ਕੀਤੀ ਜਾ ਸਕਦੀ ਹੈ, ਜਾਂ ਕੈਦੀਆਂ ਦੁਆਰਾ ਕੰਟੀਨਾਂ (ਜਿੱਥੇ ਉਪਲਬਧ ਹੋਵੇ) ਤੋਂ ਚੀਜ਼ਾਂ ਖਰੀਦਣ ਲਈ ਵਰਤੀ ਜਾ ਸਕਦੀ ਹੈ।

43. ਕੀ ਕੈਦੀ ਜੇਲ੍ਹ ਵਿੱਚ ਰਹਿ ਕੇ ਵੋਟ ਦੇ ਸਕਦੇ ਹਨ?

ਸਜਾ ਨਾਂ ਹੋਏ ਕੈਦੀਆਂ ਨੂੰ ਕਿਸੇ ਜੇਲ੍ਹ ਵਿੱਚ ਬੰਦ ਹੋਣ ਤੇ ਵੋਟ ਪਾਉਣ ਦੀ ਆਗਿਆ ਨਹੀਂ ਹੁੰਦੀ, ਪਰ ਉਨ੍ਹਾਂ ਨੂੰ ਚੋਣਾਂ ਲੜਨ ਦੀ ਆਗਿਆ ਦਿੱਤੀ ਜਾ ਸਕਦੀ ਹੈ।



## ਕਾਨੂੰਨੀ ਨੁਮਾਇੰਦਗੀ ਦਾ ਅਧਿਕਾਰ

44. ਕੀ ਕੈਦੀਆਂ ਨੂੰ ਕਿਸੇ ਵਕੀਲ ਦਾ ਅਧਿਕਾਰ ਹੁੰਦਾ ਹੈ?

ਹਾਂ, ਹਰ ਵਿਅਕਤੀ ਆਪਣੀ ਪਸੰਦ ਦੇ ਵਕੀਲ ਦੁਆਰਾ ਪ੍ਰਸਤੁਤ ਹੋਣ ਦਾ ਹੱਕਦਾਰ ਹੈ। ਇਹ ਅਧਿਕਾਰ ਤੁਰੰਤ ਗ੍ਰਿਫਤਾਰੀ ਤੋਂ ਬਾਅਦ ਯਕੀਨੀ ਬਣਾਉਂਦਾ ਹੈ। ਪੁੱਛਗਿੱਛ ਦੌਰਾਨ ਇੱਕ ਵਕੀਲ ਮੌਜੂਦ ਹੋਣ ਦਾ ਹੱਕਦਾਰ ਹੈ, ਅਤੇ ਜ਼ਮਾਨਤ ਅਰਜ਼ੀਆਂ ਦਾਇਰ ਕਰਨ ਦੇ ਨਿਰਦੇਸ਼ ਦਿੱਤੇ ਜਾ ਸਕਦੇ ਹਨ। ਵਕੀਲਾਂ ਨੂੰ ਜੇਲ੍ਹ ਵਿੱਚ ਕੈਦੀ ਨੂੰ ਮਿਲਣ ਦੀ ਲੋੜ ਹੁੰਦੀ ਹੈ ਅਤੇ ਉਨ੍ਹਾਂ ਨੂੰ ਆਪਣੇ ਕੇਸ ਦੀ ਪ੍ਰਗਤੀ ਬਾਰੇ ਜਾਣਕਾਰੀ ਦੇਣ ਅਤੇ ਕੈਦੀ ਨਾਲ ਸਲਾਹ ਮਸ਼ਵਰਾ ਕਰਕੇ ਆਪਣੇ ਬਚਾਅ ਲਈ ਤਿਆਰੀ ਦੀ ਲੋੜ ਹੁੰਦੀ ਹੈ।

45. ਕੀ ਹੁੰਦਾ ਹੈ ਜੇ ਕੋਈ ਕੈਦੀ ਕਿਸੇ ਵਕੀਲ ਕਰਨ ਦੇ ਸਮਰੱਥ ਨਹੀਂ ਹੁੰਦਾ?

ਸਾਰੇ ਕੈਦੀ ਕਾਨੂੰਨੀ ਸੇਵਾਵਾਂ ਅਥਾਰਟੀਜ਼ ਐਕਟ 1987 ਦੀ ਧਾਰਾ 12 (ਜੀ) ਦੇ ਅਨੁਸਾਰ ਮੁਫਤ ਰਾਜ ਸਪਾਂਸਰ ਕਾਨੂੰਨੀ ਸਹਾਇਤਾ ਸੇਵਾਵਾਂ ਦੇ ਹੱਕਦਾਰ ਹਨ। ਸਬੰਧਤ ਕਾਨੂੰਨੀ ਸੇਵਾਵਾਂ ਅਥਾਰਟੀ ਇਕ ਵਕੀਲ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹੈ ਜੋ ਮੁਕੱਦਮੇ ਦੀ ਕਾਰਵਾਈ ਦੌਰਾਨ ਕੈਦੀ ਦਾ ਮੁਫਤ ਵਿੱਚ ਬਚਾਅ ਕਰੇਗਾ।

46. ਕਾਨੂੰਨੀ ਸੇਵਾਵਾਂ ਅਥਾਰਟੀ ਕੀ ਹੈ?

ਕਾਨੂੰਨੀ ਸੇਵਾਵਾਂ ਅਥਾਰਟੀ ਦੀ ਸਥਾਪਨਾ ਰਾਸ਼ਟਰੀ, ਰਾਜ, ਜ਼ਿਲ੍ਹਾ ਅਤੇ ਤਾਲੁਕਾ ਪੱਧਰ ਤੇ ਕੀਤੀ ਗਈ ਹੈ ਤਾਂ ਜੋ ਸਾਰੇ ਯੋਗ ਵਿਅਕਤੀਆਂ ਨੂੰ ਮੁਫਤ ਕਾਨੂੰਨੀ ਸਹਾਇਤਾ ਮੁਹੱਈਆ ਕਰਵਾਈ ਜਾ ਸਕੇ। ਇਸ ਵਿੱਚ ਹਿਰਾਸਤ ਵਿੱਚ ਲਿਆ ਗਿਆ ਵਿਅਕਤੀ ਵੀ ਸ਼ਾਮਿਲ ਹੈ। ਕਾਨੂੰਨੀ ਸੇਵਾਵਾਂ ਅਥਾਰਟੀ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹਨ ਕਿ ਗ੍ਰਿਫਤਾਰੀ ਤੋਂ 24 ਘੰਟਿਆਂ ਦੇ ਅੰਦਰ, ਜਦੋਂ ਪਹਿਲੀ ਵਾਰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤਾਂ ਹਰੇਕ ਵਿਅਕਤੀ ਦਾ ਇੱਕ ਵਕੀਲ ਹੁੰਦਾ ਹੈ। ਜੇ ਕਿਸੇ ਕੈਦੀ ਦਾ ਅਦਾਲਤ ਵਿੱਚ ਪੇਸ਼ ਹੋਣ ਸਮੇਂ ਵਕੀਲ ਨਾ ਹੋਵੇ, ਤਾਂ ਇਹ ਲਾਜ਼ਮੀ ਹੈ ਕਿ ਮੈਜਿਸਟਰੇਟ ਕੈਦੀ ਦਾ ਬਚਾਅ ਕਰਨ ਲਈ ਇਕ ਕਾਨੂੰਨੀ ਸਹਾਇਤਾ ਵਕੀਲ ਨਿਯੁਕਤ ਕਰੇ।

ਇਨ੍ਹਾਂ ਸਾਰੀਆਂ ਜਾਂਚਾਂ ਦੇ ਬਾਵਜੂਦ, ਜੇ ਕੋਈ ਕੈਦੀ ਬਿਨਾਂ ਵਕੀਲ ਦੇ ਜੇਲ੍ਹ ਵਿੱਚ ਦਾਖਲ ਹੁੰਦਾ ਹੈ ਜਾਂ ਜੇ ਨਿਯੁਕਤ ਵਕੀਲ ਪੇਸ਼ ਨਹੀਂ ਹੁੰਦਾ, ਤਾਂ ਕੈਦੀ ਜੇਲ੍ਹ ਦੇ ਕਾਨੂੰਨੀ ਸਹਾਇਤਾ ਕਲੀਨਿਕ ਜਾਂ ਕਿਸੇ ਜੇਲ੍ਹ ਅਧਿਕਾਰੀ ਨਾਲ ਸੰਪਰਕ ਕਰ ਸਕਦਾ ਹੈ। ਫਿਰ ਉਹ ਕਾਨੂੰਨੀ ਸਹਾਇਤਾ ਲਈ ਅਰਜ਼ੀ ਦਾਇਰ ਕਰਨ ਲਈ ਕਦਮ ਉਠਾ ਸਕਦੇ ਹਨ।

47. ਇੱਕ ਕੈਦੀ ਕਾਨੂੰਨੀ ਸਹਾਇਤਾ ਦੇ ਵਕੀਲ ਲਈ ਕਿਵੇਂ ਅਰਜ਼ੀ ਦਿੰਦਾ ਹੈ?

ਕੈਦੀ ਜਾਂ ਤਾਂ ਪੈਰਾਲੀਗਲ ਵਲੰਟੀਅਰ ਜਾਂ ਜੇਲ੍ਹ ਅਧਿਕਾਰੀ ਜਾਂ ਭਲਾਈ ਅਧਿਕਾਰੀ ਨਾਲ ਸੰਪਰਕ ਕਰ ਸਕਦਾ ਹੈ ਤਾਂ ਜੋ ਇਸ ਮੁੱਦੇ ਨੂੰ ਕਾਨੂੰਨੀ ਸੇਵਾਵਾਂ ਅਥਾਰਟੀ

ਦੇ ਧਿਆਨ ਵਿੱਚ ਲਿਆਇਆ ਜਾ ਸਕੇ।

48 ਕਾਨੂੰਨੀ ਸਹਾਇਤਾ ਪ੍ਰਦਾਤਾ ਦੁਆਰਾ ਕਿਹੜੀਆਂ ਸੇਵਾਵਾਂ ਮੁਫਤ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ?

ਮੁਫਤ ਕਾਨੂੰਨੀ ਸੇਵਾਵਾਂ ਵਿੱਚ ਸ਼ਾਮਲ ਹਨ: (i) ਕੋਰਟ ਫੀਸ ਦਾ ਭੁਗਤਾਨ ਅਤੇ ਹੋਰ ਸਾਰੀਆਂ ਪ੍ਰਕਿਰਿਆ ਦੀਆਂ ਫੀਸਾਂ, (ii) ਅਦਾਲਤ ਵਿੱਚ ਕਾਨੂੰਨੀ ਰਾਹਤ, (iii) ਆਦੇਸ਼ਾਂ ਅਤੇ ਹੋਰ ਦਸਤਾਵੇਜ਼ਾਂ ਦੀ ਪ੍ਰਮਾਣਤ ਕਾੱਪੀ ਪ੍ਰਾਪਤ ਕਰਨਾ, ਅਤੇ (iv) ਅਪੀਲ ਤਿਆਰ ਕਰਨਾ, ਅਤੇ ਕਾਗਜ਼-ਕਿਤਾਬ ਸਮੇਤ। ਕਾਨੂੰਨੀ ਕਾਰਵਾਈ ਨਾਲ ਸੰਬੰਧਿਤ ਦਸਤਾਵੇਜ਼ਾਂ ਦੀ ਛਪਾਈ ਅਤੇ ਅਨੁਵਾਦ।

49. ਕੀ ਕਾਨੂੰਨੀ ਸਹਾਇਤਾ ਦੇ ਵਕੀਲਾਂ ਨੂੰ ਕੋਈ ਫੀਸ ਦਿੱਤੀ ਜਾਂਦੀ ਹੈ?

ਨਹੀਂ, ਕੈਦੀ ਕਾਨੂੰਨੀ ਸਹਾਇਤਾ ਦੇ ਵਕੀਲ ਦਾ ਭੁਗਤਾਨ ਨਹੀਂ ਕਰਦੇ।

ਜੇ ਕੋਈ ਵਕੀਲ ਪੈਸੇ ਦੀ ਮੰਗ ਕਰਦਾ ਹੈ, ਤਾਂ ਕੈਦੀ ਨੂੰ ਲਾਜ਼ਮੀ ਤੌਰ ਤੇ ਇਹ ਸਬੰਧਤ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਧਿਆਨ ਵਿੱਚ ਲਿਆਉਣਾ ਚਾਹੀਦਾ ਹੈ।

50. ਕੈਦੀ ਨੂੰ ਇਹ ਕਿਵੇਂ ਪਤਾ ਚੱਲੇਗਾ ਕਿ ਉਸ ਲਈ ਕੋਈ ਕਾਨੂੰਨੀ ਸਹਾਇਤਾ ਵਕੀਲ ਨਿਯੁਕਤ ਕੀਤਾ ਗਿਆ ਹੈ?

ਕਿਸੇ ਵਕੀਲ ਦੀ ਨਿਯੁਕਤੀ ਤੋਂ ਬਾਅਦ, ਕਾਨੂੰਨੀ ਸੇਵਾਵਾਂ ਦੇਣ ਵਾਲੇ ਅਧਿਕਾਰੀਆਂ ਨੂੰ ਜੇਲ੍ਹ ਪ੍ਰਸ਼ਾਸਨ ਜਾਂ ਪੈਰਾਲੀਗਲ ਵਲੰਟੀਅਰ ਜਾਂ ਜੇਲ੍ਹ ਜਾਣ ਵਾਲੇ ਵਕੀਲ ਦੁਆਰਾ ਉਨ੍ਹਾਂ ਨੂੰ ਇਸ ਬਾਰੇ ਸੂਚਤ ਕਰਦੇ ਹੋਏ ਕੈਦੀ ਨੂੰ ਸੂਚਨਾ-ਪੱਤਰ ਭੇਜਣੇ ਪੈਂਦੇ ਹਨ। ਇਸ ਪੱਤਰ ਵਿੱਚ ਵਕੀਲ ਦਾ ਨਾਮ ਅਤੇ ਉਨ੍ਹਾਂ ਦੇ ਸੰਪਰਕ ਵੇਰਵੇ ਸ਼ਾਮਲ ਹੋਣੇ ਚਾਹੀਦੇ ਹਨ।

51. ਕੀ ਕੈਦੀ ਆਪਣੇ ਕੇਸਾਂ ਦੇ ਵੇਰਵਿਆਂ ਬਾਰੇ ਵਿਚਾਰ ਵਟਾਂਦਰੇ ਲਈ ਅਤੇ ਮੁਕੱਦਮੇ ਦੀ ਤਿਆਰੀ ਲਈ ਆਪਣੇ ਵਕੀਲਾਂ ਨੂੰ ਮਿਲ ਸਕਦੇ ਹਨ?

ਹਾਂ, ਕੈਦੀ ਆਪਣੇ ਕੇਸ ਬਾਰੇ ਵਿਚਾਰ ਵਟਾਂਦਰੇ, ਜ਼ਮਾਨਤ ਲਈ ਅਰਜ਼ੀ, ਮੁਕੱਦਮੇ ਦੀ ਤਿਆਰੀ ਜਾਂ ਅਪੀਲ ਜਾਂ ਸਮੀਖਿਆ ਪਟੀਸ਼ਨ ਲਈ ਜੇਲ੍ਹ ਵਿੱਚ ਆਪਣੇ ਵਕੀਲ ਨੂੰ ਮਿਲ ਸਕਦਾ ਹੈ।

ਕੈਦੀ ਆਪਣੇ ਵਕੀਲ ਨੂੰ ਉਦੋਂ ਵੀ ਮਿਲ ਸਕਦੇ ਹਨ ਜਦੋਂ ਉਨ੍ਹਾਂ ਨੂੰ ਉਨ੍ਹਾਂ ਦੀ ਸੁਣਵਾਈ ਲਈ ਅਦਾਲਤ ਲਿਜਾਇਆ ਜਾਂਦਾ ਹੈ। ਜੇ ਕਿਸੇ ਕੈਦੀ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਕੀਤਾ ਜਾ ਰਿਹਾ ਹੈ, ਤਾਂ ਉਹ ਅਦਾਲਤ ਨੂੰ ਲਿਖਤੀ ਤੌਰ ਤੇ ਬੇਨਤੀ ਕਰ ਸਕਦੇ ਹਨ ਤਾਂ ਜੋ ਸੁਣਵਾਈ ਤੋਂ ਪਹਿਲਾਂ ਉਨ੍ਹਾਂ ਨੂੰ ਆਪਣੇ ਵਕੀਲ ਨਾਲ ਮੁਲਾਕਾਤ ਕਰਨ ਦੇ ਯੋਗ ਬਣਾਇਆ ਜਾ ਸਕੇ।

52. ਇੱਕ ਜੇਲ੍ਹ ਕਾਨੂੰਨੀ ਸਹਾਇਤਾ ਕਲੀਨਿਕ ਕੀ ਹੈ?

ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਮੌਜੂਦਾ ਨਿਯਮਾਂ ਅਨੁਸਾਰ, ਭਾਰਤ ਵਿੱਚ ਹਰੇਕ ਜੇਲ੍ਹ ਵਿਚ ਇਕ ਕਾਨੂੰਨੀ ਸਹਾਇਤਾ ਕਲੀਨਿਕ ਹੋਣਾ ਲਾਜ਼ਮੀ ਹੈ। ਇਹ ਕਲੀਨਿਕ ਕਾਨੂੰਨੀ ਸਹਾਇਤਾ ਪ੍ਰਦਾਤਾ ਦੁਆਰਾ ਕਰਵਾਏ ਜਾਂਦੇ ਹਨ- ਸਮਰੱਥ ਕਾਨੂੰਨੀ ਸਹਾਇਤਾ ਅਥਾਰਟੀ ਦੁਆਰਾ ਨਿਯੁਕਤ ਕੀਤੇ ਗਏ ਪੈਰਾਲੀਗਲ ਵਲੰਟੀਅਰ ਅਤੇ ਜੇਲ੍ਹ ਦਾ ਦੌਰਾ ਕਰਨ ਵਾਲੇ ਵਕੀਲ। ਕੈਦੀ ਕਿਸੇ ਵੀ ਕਾਨੂੰਨੀ ਸਹਾਇਤਾ ਲਈ ਜੇਲ੍ਹ ਕਾਨੂੰਨੀ ਕਲੀਨਿਕਾਂ, ਉਨ੍ਹਾਂ ਦੇ ਨਿੱਜੀ ਸਿਵਲ ਮਾਮਲਿਆਂ ਲਈ ਵੀ ਪਹੁੰਚ ਸਕਦੇ ਹਨ।




## ਜੇਲ੍ਹ ਦਾ ਅਨੁਸ਼ਾਸਨ

53. ਕਿਹੜੇ ਕਾਨੂੰਨ ਜਾਂ ਨਿਯਮ ਜੇਲ੍ਹ ਦੇ ਅਪਰਾਧਾਂ ਅਤੇ ਸਜ਼ਾਵਾਂ ਦਾ ਪ੍ਰਬੰਧ ਕਰਦੇ ਹਨ?

ਜੇਲ੍ਹ ਦੇ ਅਪਰਾਧ ਅਤੇ ਸਜ਼ਾ ਰਾਜ ਦੀ ਜੇਲ੍ਹ ਮੈਨੂਅਲ ਵਿੱਚ ਪਰਿਭਾਸ਼ਤ ਹਨ। ਸਾਰੇ ਕੈਦੀ ਜੇਲ੍ਹ ਦੀ ਮਨਮਾਨੀ ਸਜ਼ਾ ਦੇ ਵਿਰੁੱਧ ਅਧਿਕਾਰ ਦੇ ਹੱਕਦਾਰ ਹਨ। ਇਸਦਾ ਅਰਥ ਇਹ ਹੈ ਕਿ ਜੇ ਉਨ੍ਹਾਂ ਤੇ ਅਨੁਸ਼ਾਸਨ ਉਲੰਘਣਾ ਦਾ ਦੋਸ਼ ਲਗਾਇਆ ਜਾਂਦਾ ਹੈ, ਤਾਂ ਕੈਦੀ ਹੇਠ ਲਿਖੇ ਅਨੁਸਾਰ ਹੱਕਦਾਰ ਹਨ–
(1) ਜੇਲ੍ਹਾਂ ਐਕਟ ਅਤੇ ਨਿਯਮਾਂ ਦੀ ਉਲੰਘਣਾ ਬਾਰੇ ਸਹੀ ਜਾਣਕਾਰੀ। (2) ਬਚਾਅ ਪੱਖ ਸੁਣਿਆ ਜਾਵੇ। (3) ਡਿਸਪਲੀਨਰੀ ਕਾਰਵਾਈ ਦੇ ਫੈਸਲੇ ਬਾਰੇ ਜਾਣੂ ਕਰਵਾਓਣਾ। (4) ਐਕਟ ਦੇ ਤਹਿਤ ਬਣਾਏ ਨਿਯਮਾਂ ਅਨੁਸਾਰ ਅਪੀਲ ਕੀਤੀ ਜਾਵੇ।

ਜੇਲ੍ਹ ਦਾ ਇੰਚਾਰਜ ਅਧਿਕਾਰੀ ਤੱਥਾਂ ਅਤੇ ਹਾਲਤਾਂ ਦੇ ਅਨੁਸਾਰ ਕੈਦੀਆਂ ਨੂੰ ਸਜ਼ਾ ਦੇ ਕੇਸ ਦਾ ਫੈਸਲਾ ਕਰਦਾ ਹੈ।

54. ਜੇਲ੍ਹਾਂ ਵਿੱਚ ਕਿਸ ਤਰ੍ਹਾਂ ਦੀਆਂ ਸਜ਼ਾਵਾਂ ਦਿੱਤੀਆਂ ਜਾ ਸਕਦੀਆਂ ਹਨ?

ਜੇਲ੍ਹਾਂ ਦੀ ਸਜ਼ਾ ਜਾਂ ਤਾਂ ਮਾਮੂਲੀ ਜਾਂ ਵੱਡੀ ਹੋ ਸਕਦੀ ਹੈ। ਛੋਟੀਆਂ ਸਜ਼ਾਵਾਂ ਵਿੱਚ ਰਸਮੀ ਚੇਤਾਵਨੀ ਜਾਂ ਅਧਿਕਾਰਾਂ ਦਾ ਘਾਟਾ ਆਦਿ ਸ਼ਾਮਲ ਹਨ। ਵੱਡੀਆਂ ਸਜਾਵਾਂ ਵਿੱਚ ਕਮਾਈ ਗਈ ਮੁਆਫੀ ਨੂੰ ਜ਼ਬਤ ਕਰਨਾ, ਕਿਸੇ ਹੋਰ ਜੇਲ੍ਹ ਵਿੱਚ ਤਬਦੀਲ, ਸਖਤ ਨਿਗਰਾਨੀ ਅਤੇ ਸੁਰੱਖਿਆ, ਕਿਸੇ ਵੀ ਕੀਮਤ ਦੀ ਵਸੂਲੀ ਜੋ ਕੈਦੀ ਦੀ ਕਾਰਵਾਈ ਦੁਆਰਾ ਹੋਈ ਹੈ, ਸ਼ਾਮਲ ਹੈ। ਹਾਲਾਂਕਿ, ਸਜ਼ਾ ਦੇ ਮੁਲਾਂਕਣ ਤੋਂ ਬਿਨਾਂ, ਸਜ਼ਾ ਜਾਂ ਸਹੂਲਤਾਂ ਅਤੇ ਸਹੂਲਤਾਂ ਤੋਂ ਇਨਕਾਰ ਜਾਂ ਹੋਰ ਜੇਲ੍ਹਾਂ ਵਿੱਚ ਬਦਲਾਅ ਕੈਦੀਆਂ ਤੇ ਲਾਗੂ ਨਹੀਂ ਕੀਤਾ ਜਾਣਾ ਚਾਹੀਦਾ ਹੈ। ਜੇਲ੍ਹ ਦੇ ਅਪਰਾਧ ਅਤੇ ਸਜ਼ਾ ਹਰ ਰਾਜ ਦੇ ਜੇਲ੍ਹ ਮੈਨੂਅਲ ਵਿੱਚ ਦਿੱਤੀਆਂ ਜਾਂਦੀਆਂ ਹਨ। ਕੁਝ ਰਾਜਾਂ ਵਿੱਚ, ਇਕੱਲੇ ਕੈਦ ਦੀ ਵੀ ਆਗਿਆ ਹੈ।

55. ਇਕੱਲੇ ਕੈਦ ਕੀ ਹੈ?

ਇਕੱਲੇ ਕੈਦ ਪ੍ਰਤੀ ਦਿਨ 22 ਘੰਟੇ ਜਾਂ ਇਸ ਤੋਂ ਵੱਧ ਕੈਦੀਆਂ ਦੀ ਸਾਰਥਕ ਮਨੁੱਖੀ ਸੰਪਰਕ ਤੋਂ ਬਗੈਰ ਕੈਦ ਹੈ। ਹਾਲਾਂਕਿ ਜੇਲ੍ਹ ਦੇ ਵੱਖ ਵੱਖ ਮੈਨੂਅਲ ਜੇਲ੍ਹ

ਦੇ ਇੰਚਾਰਜ ਅਧਿਕਾਰੀ ਨੂੰ ਇਕੱਲਤਾ ਦੀ ਇਜਾਜ਼ਤ ਦਿੰਦੇ ਹਨ, ਸੁਪਰੀਮ ਕੋਰਟ ਦੇ ਵੱਖ ਵੱਖ ਨਿਰਦੇਸ਼ਾਂ ਅਨੁਸਾਰ ਇਸ ਨੂੰ ਸਿਰਫ ਇਕ ਯੋਗ ਅਦਾਲਤ ਦੁਆਰਾ ਹੀ ਦਿੱਤਾ ਜਾ ਸਕਦਾ ਹੈ।

56. ਕੀ ਕੈਦੀਆਂ ਨੂੰ ਇਕੱਲੇ ਕੈਦ ਵਿੱਚ ਅਣਮਿਥੇ ਸਮੇਂ ਲਈ ਰੱਖਿਆ ਜਾ ਸਕਦਾ ਹੈ?

ਨਹੀਂ, ਇੰਡੀਅਨ ਪੀਨਲ ਕੋਡ 1860 ਵਿੱਚ ਲਿਖਿਆ ਹੈ ਕਿ ਇਕੱਲੇ ਕੈਦ ਦੀ ਮਿਆਦ 14 ਦਿਨਾਂ ਤੋਂ ਵੱਧ ਨਹੀਂ ਹੋ ਸਕਦੀ, ਅਤੇ ਇਸ ਤੋਂ ਇਲਾਵਾ, ਦੋ ਇਕੱਲੇ ਕੈਦ ਵਿਚਕਾਰ ਉਸ ਮਿਆਦ ਦਾ ਅੰਤਰਾਲ ਹੋਣਾ ਚਾਹੀਦਾ ਹੈ। ਸੈਸ਼ਨ ਕੋਰਟ ਦੇ ਜੱਜ ਦੀ ਪ੍ਰਵਾਨਗੀ ਤੋਂ ਬਿਨਾਂ 30 ਦਿਨਾਂ ਤੋਂ ਵੱਧ ਸਮੇਂ ਦੀ ਇਕੱਲੇ ਕੈਦ ਨੂੰ ਮਨਜ਼ੂਰੀ ਨਹੀਂ ਦਿੱਤੀ ਜਾ ਸਕਦੀ। ਕਿਸੇ ਵੀ ਕੇਸ ਵਿੱਚ ਅਦਾਲਤ ਦੁਆਰਾ ਦਿੱਤੀ ਇਕਾਂਤ ਕੈਦ ਦੀ ਕੁਲ ਮਿਆਦ ਤਿੰਨ ਮਹੀਨਿਆਂ ਤੋਂ ਵੱਧ ਨਹੀਂ ਹੋ ਸਕਦੀ।

57. ਕੀ ਇਕੱਲਤਾ ਵਾਰਡ ਵਿਚ ਹੋਣਾ ਅਤੇ ਇਕੱਲੇ ਕੈਦ ਵਿਚ ਇਕੋ ਚੀਜ਼ਾਂ ਹਨ?

ਨਹੀਂ, ਉਹ ਵੱਖਰੇ ਹਨ। ਇਕੱਲਤਾ ਵਾਲੇ ਵਾਰਡ ਵਿਚ ਕੈਦ ਹੋਣ ਦਾ ਕਾਰਨ ਸੁਰੱਖਿਆ ਜਾਂ ਹੋਰ ਕਾਰਨਾਂ ਕਰਕੇ ਇਕ ਕੈਦੀ ਨੂੰ ਦੂਜਿਆਂ ਤੋਂ ਅਲੱਗ ਥਲੱਗ ਰੱਖਣਾ ਸ਼ਾਮਲ ਹੈ। ਅਜਿਹੇ ਕੈਦੀਆਂ ਨੂੰ ਕੋਈ ਹੋਰ ਬੰਦਸ਼ਾਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਜੋ ਕੇ ਇਕੱਲੇ ਕੈਦ ਵਿਚ ਹੈ।

58. ਕੀ ਕੈਦੀਆਂ ਨੂੰ ਕੋੜੇ ਮਾਰਨ, ਜੰਜ਼ੀਰਾਂ ਪਾਉਣ ਦੇ ਅਧੀਨ ਕੀਤਾ ਜਾ ਸਕਦਾ ਹੈ?

ਨਹੀਂ, ਕਿਸੇ ਵੀ ਕੈਦੀ ਨੂੰ ਸਜ਼ਾ ਦੇਣਾ ਗੈਰ ਕਾਨੂੰਨੀ ਹੈ ਜਿਵੇਂ ਕਿ ਕੋੜੇ ਮਾਰਨਾ, ਕੋਟਿਆਂ ਮਾਰਨਾ ਜਾਂ ਬੇੜੀਆਂ ਜਾਂ ਚੇਨਾਂ ਦੀ ਵਰਤੋਂ ਕਰਨਾ। ਸੁਪਰੀਮ ਕੋਰਟ ਆਫ਼ ਇੰਡੀਆ ਦੇ ਕਈ ਨਿਰਦੇਸ਼ ਹਨ ਜੋ ਉਨ੍ਹਾਂ ਦੀ ਵਰਤੋਂ ਤੇ ਰੋਕ ਲਗਾਉਂਦੇ ਹਨ। ਹਾਲਾਂਕਿ, ਬਹੁਤੇ ਰਾਜਾਂ ਵਿੱਚ, ਜੇਲ੍ਹ ਨਿਯਮਾਂ ਵਿੱਚ ਸੋਧ ਨਹੀਂ ਕੀਤੀ ਗਈ ਹੈ ਅਤੇ ਇਹਨਾਂ ਸਜ਼ਾਵਾਂ ਦਾ ਜ਼ਿਕਰ ਹੈ। ਇੱਕ ਕੈਦੀ ਉਸਦੇ ਵਕੀਲ ਨੂੰ ਸੂਚਿਤ ਕਰਕੇ, ਅਦਾਲਤ ਵਿੱਚ ਬਿਨੈ ਕਰ ਕੇ, ਅਤੇ ਜੇਲ੍ਹ ਬੋਰਡ ਦੇ ਮੈਂਬਰਾਂ ਨੂੰ ਸੂਚਿਤ ਕਰਕੇ, ਅਜਿਹੀਆਂ ਸਜ਼ਾਵਾਂ ਨੂੰ ਚੁਣੌਤੀ ਦੇ ਸਕਦਾ ਹੈ।

59. ਕੀ ਅਨੁਸ਼ਾਸਨ ਨੂੰ ਬਣਾਈ ਰੱਖਣ ਲਈ ਤਾਕਤ ਦੀ ਵਰਤੋਂ ਦੀ ਆਗਿਆ ਹੈ?

ਤਾਕਤ ਜਾਂ ਹਥਿਆਰਾਂ ਦੀ ਵਰਤੋਂ ਸਿਰਫ ਕੁਝ ਖਾਸ ਹਾਲਤਾਂ ਵਿੱਚ ਹੀ ਕਰਨ ਦੀ ਆਗਿਆ ਹੈ।

ਉਦਾਹਰਣ ਵਜੋਂ, ਜੇ (1) ਕੋਈ ਕੈਦੀ ਜੇਲ੍ਹ ਤੋਂ ਭੱਜਣ ਦੀ ਕੋਸ਼ਿਸ਼ ਕਰ ਰਿਹਾ ਹੈ, (2) ਜੇਲ੍ਹ ਦੇ ਬਾਹਰਲੇ ਗੇਟ ਜਾਂ ਕੰਧ ਨੂੰ ਖੋਲ੍ਹਣ ਦੀ ਕਿਸੇ ਕੋਸ਼ਿਸ਼ ਵਿੱਚ ਲੱਗੇ ਹੋਏ (3) ਜੇਲ੍ਹ ਸਟਾਫ ਜਾਂ ਦੂਜੇ ਵਿਅਕਤੀ ਵਿਰੁੱਧ ਹਿੰਸਾ ਦੀ ਵਰਤੋਂ ਕਰਨਾ ਜਿਸਦੇ ਨਤੀਜੇ ਵਜੋਂ ਮੌਤ ਜਾਂ ਗੰਭੀਰ ਸੱਟ ਲੱਗ ਸਕਦੀ ਹੈ। ਬੰਦੂਕ ਦੀ ਵਰਤੋਂ ਉਦੋਂ ਹੀ ਕੀਤੀ ਜਾ ਸਕਦੀ ਹੈ ਜਦੋਂ ਕੈਦੀ ਨੂੰ ਉੱਚੀ ਅਤੇ ਸਪਸ਼ਟ ਚੇਤਾਵਨੀ ਦਿੱਤੀ ਗਈ ਕਿ ਉਸ ਤੇ ਫਾਇਰ ਕੀਤੇ ਜਾਣ ਵਾਲੇ ਹਨ। ਜੇਲ੍ਹ ਸਟਾਫ ਨੂੰ ਲਾਜ਼ਮੀ ਤੋਰ ਤੇ ਇਹ ਸੁਨਿਸ਼ਚਿਤ ਕਰਨਾ ਚਾਹੀਦਾ ਹੈ ਕੇ ਕਿਸੇ ਵਿਅਕਤੀ ਨੂੰ ਰੋਕਨ ਲਈ ਘੱਟੋ ਘੱਟ ਤਾਕਤ ਦੀ ਵਰਤੋਂ ਕਰੇ।




## ਸ਼ਿਕਾਇਤ ਨਿਵਾਰਣ ਅਤੇ ਜੇਲ੍ਹ ਨਿਗਰਾਨੀ

60. ਕੀ ਕੋਈ ਕੈਦੀ ਜੇਲ੍ਹ ਵਿੱਚ ਆਉਣ ਵਾਲੇ ਕਿਸੇ ਵੀ ਮਸਲੇ ਵਿਰੁੱਧ ਸ਼ਿਕਾਇਤ ਕਰ ਸਕਦਾ ਹੈ?

ਹਾਂ, ਕੋਈ ਵੀ ਕੈਦੀ ਜੇਲ੍ਹ ਦੇ ਸਟਾਫ ਦੁਆਰਾ ਬਦਸਲੂਕੀ, ਕੈਦੀਆਂ ਦੁਆਰਾ ਧੱਕੇ ਸ਼ਾਹੀ, ਮੈਡੀਕਲ ਸਹਾਇਤਾ ਨਾ ਮਿਲਨ, ਪਰਿਵਾਰਕ ਅਤੇ ਕਾਨੂੰਨੀ ਸਹਾਇਤਾ ਦੀਆਂ ਸਮੱਸਿਆਵਾਂ ਬਾਰੇ, ਜਾਂ ਖਾਣੇ ਅਤੇ ਰਹਿਣ ਸਹਿਣ ਦੀਆਂ ਹੋਰ ਸਥਿਤੀਆਂ ਬਾਰੇ ਉਚਿਤ ਅਥਾਰਟੀ ਨੂੰ ਸ਼ਿਕਾਇਤਾਂ ਕਰ ਸਕਦਾ ਹੈ।

61. ਇੱਕ ਕੈਦੀ ਸ਼ਿਕਾਇਤ ਕਿਹੜੇ ਅਧਿਕਾਰੀਆਂ ਨੂੰ ਦੇ ਸਕਦਾ ਹੈ?

ਕੈਦੀ ਜੇਲ੍ਹ ਦੇ ਕਿਸੇ ਸੀਨੀਅਰ ਜੇਲ੍ਹ ਅਧਿਕਾਰੀ ਨੂੰ ਸ਼ਿਕਾਇਤਾਂ ਦੇ ਸਕਦੇ ਹਨ, ਜੇਲ੍ਹਾਂ ਦੇ ਇੰਸਪੈਕਟਰ ਜਨਰਲ, ਸਰਕਾਰ ਜਾਂ ਨਿਆਂਪਾਲਿਕਾ ਨੂੰ। ਉਹ ਆਪਣੀਆਂ ਸ਼ਿਕਾਇਤਾਂ ਜ਼ਿਲ੍ਹਾ ਅਤੇ ਸੈਸ਼ਨ ਜੱਜ ਜਾਂ ਕਿਸੇ ਹੋਰ ਨਿਆਂਇਕ ਅਧਿਕਾਰੀ ਨੂੰ ਵੀ ਦੱਸ ਸਕਦੇ ਹਨ, ਜਿਸ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸੱਕਤਰ ਜਾਂ ਤਾਲੁਕ ਕਾਨੂੰਨੀ ਸੇਵਾਵਾਂ ਕਮੇਟੀ ਸ਼ਾਮਲ ਹਨ, ਜੋ ਕਾਨੂੰਨੀ ਤੌਰ ਤੇ ਮਹੀਨੇ ਵਿੱਚ ਇੱਕ ਵਾਰ ਆਪਣੇ ਅਧਿਕਾਰ ਖੇਤਰ ਵਿੱਚ ਜੇਲ੍ਹਾਂ ਦਾ ਦੌਰਾ ਕਰਨ ਲਈ ਹਨ।

62. ਸ਼ਿਕਾਇਤ ਨਿਵਾਰਣ ਪ੍ਰਣਾਲੀ ਕੀ ਹੈ?

ਮਾਡਲ ਜੇਲ੍ਹ ਮੈਨੂਅਲ 2016 ਦੱਸਦਾ ਹੈ ਕਿ ਹਰੇਕ ਜੇਲ੍ਹ ਵਿੱਚ ਕੈਦੀਆਂ ਨੂੰ ਸ਼ਿਕਾਇਤਾਂ ਕਰਨ ਲਈ ਇੱਕ 'ਐਕਟਿਵ' ਸ਼ਿਕਾਇਤ ਨਿਵਾਰਣ ਪ੍ਰਣਾਲੀ (ਜੀਆਰਐਸ) ਹੋਣੀ ਚਾਹੀਦੀ ਹੈ। ਇਹ ਕੈਦੀਆਂ ਨੂੰ ਲਿਖਤੀ ਪਟੀਸ਼ਨਾਂ ਦੇਣ

ਲਈ ਸੁਵਿਧਾਜਨਕ ਅਤੇ ਕੇਂਦਰੀ ਜਗ੍ਹਾ ਤੇ ਸਥਿਤ ਸ਼ਿਕਾਇਤ ਬਕਸੇ ਦੀ ਸਿਫਾਰਸ਼ ਕਰਦਾ ਹੈ। ਬਕਸਾ ਤਾਲਾਬੰਦ ਹੋਣਾ ਚਾਹੀਦਾ ਹੈ, ਜਿਸ ਦੀ ਚਾਬੀ ਸਿਰਫ ਡਿਪਟੀ ਸੁਪਰਡੈਂਟ ਦੀ ਨਿਗਰਾਨੀ ਵਿੱਚ ਹੋਵੇਗੀ। ਕਾਨੂੰਨੀ ਸੇਵਾਵਾਂ ਅਥਾਰਟੀਆਂ ਦੁਆਰਾ ਵੀ ਇਸੇ ਤਰ੍ਹਾਂ ਦੇ ਬਕਸੇ ਲਗਾਏ ਜਾਣ ਦੀ ਜ਼ਰੂਰਤ ਹੈ, ਅਤੇ ਇਹ ਕੁੰਜੀਆਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸੈਕਟਰੀ ਕੋਲ ਰੱਖੀਆਂ ਜਾਣਗੀਆਂ।

63. ਜੇਲ੍ਹਾਂ ਦਾ ਨਿਰੀਖਣ ਕੌਣ ਕਰ ਸਕਦਾ ਹੈ?

ਜੇਲ੍ਹਾਂ ਅਤੇ ਪੀਨਲ ਸੇਵਾਵਾਂ ਦੀ ਨਿਯਮਤ ਜਾਂਚ ਲਈ ਇੱਕ ਦੋ-ਪੱਧਰੀ ਪ੍ਰਣਾਲੀ ਹੈ। ਇਸਦਾ ਉਦੇਸ਼ ਇਹ ਸੁਨਿਸ਼ਚਿਤ ਕਰਨਾ ਹੈ ਕਿ ਜੇਲ੍ਹਾਂ ਦਾ ਪ੍ਰਬੰਧ ਮੌਜੂਦਾ ਕਾਨੂੰਨਾਂ, ਨਿਯਮਾਂ, ਨੀਤੀਆਂ ਅਤੇ ਪ੍ਰਕਿਰਿਆਵਾਂ ਦੇ ਅਨੁਸਾਰ ਦੰਡ ਅਤੇ ਸੁਧਾਰ ਸੇਵਾਵਾਂ ਦੇ ਉਦੇਸ਼ਾਂ ਨੂੰ ਪੂਰਾ ਕਰਨ ਅਤੇ ਕੈਦੀਆਂ ਦੇ ਅਧਿਕਾਰਾਂ ਦੀ ਰਾਖੀ ਲਈ ਕੀਤਾ ਜਾਂਦਾ ਹੈ।

ਜੇਲ੍ਹ ਨਿਰੀਖਣ ਵਿਧੀ ਵਿੱਚ ਇਹ ਸ਼ਾਮਲ ਹੋਣਾ ਚਾਹੀਦਾ ਹੈ:

(1) ਰਾਜ ਦੀ ਜੇਲ੍ਹ ਪ੍ਰਸ਼ਾਸਨ ਦੁਆਰਾ ਕੀਤੀ ਗਈ ਅੰਦਰੂਨੀ ਜਾਂ ਪ੍ਰਬੰਧਕੀ ਜਾਂਚ।

(2) ਜੇਲ੍ਹ ਪ੍ਰਸ਼ਾਸਨ ਤੋਂ ਸੁਤੰਤਰ ਕਿਸੇ ਬਾਹਰੀ ਸੰਸਥਾ ਦੁਆਰਾ ਨਿਰੀਖਣ, ਜਿਸ ਵਿੱਚ ਯੋਗ ਅੰਤਰਰਾਸ਼ਟਰੀ ਜਾਂ ਖੇਤਰੀ ਸੰਸਥਾਵਾਂ ਸ਼ਾਮਲ ਹੋ ਸਕਦੀਆਂ ਹਨ।

64. ਕਿਹੜੀਆਂ ਬਾਹਰੀ ਸੰਸਥਾਵਾਂ ਜੇਲ੍ਹ ਨਿਰੀਖਣ ਕਰ ਸਕਦੀਆਂ ਹਨ?

ਕਈਆਂ ਸੰਸਥਾਵਾਂ ਨੂੰ ਨਿਯਮਿਤ ਤੌਰ ਤੇ ਜੇਲ੍ਹਾਂ ਦਾ ਦੌਰਾ ਕਰਨਾ ਲਾਜ਼ਮੀ ਹੈ;

ਇਨ੍ਹਾਂ ਵਿਚ ਨਿਆਂਇਕ ਅਧਿਕਾਰੀ (ਖ਼ਾਸਕਰ, ਜ਼ਿਲ੍ਹਾ ਅਤੇ ਸੁਪਰੀਮ ਕੋਰਟ ਦਾ ਉੱਚ ਜੱਜ), ਬੋਰਡ ਆਫ਼ ਵਿਜ਼ਟਰ (ਬੀ.ਓ.ਐਸ.) ਜਿਸ ਵਿਚ ਸਾਬਕਾ ਅਧਿਕਾਰੀ ਅਤੇ ਗੈਰ-ਸਰਕਾਰੀ ਮੁਲਾਕਾਤ (ਐਨ.ਓ.ਵੀ.) ਸ਼ਾਮਲ ਹੋਣ, ਅੰਡਰ-ਟ੍ਰਾਇਲ ਰਿਵਿਓ ਕਮੇਟੀ (ਯੂ.ਟੀ.ਆਰ.ਸੀ.), ਰਾਜ ਕਾਨੂੰਨੀ ਸੇਵਾਵਾਂ ਦੇ ਅਧਿਕਾਰੀ ਅਤੇ ਰਾਸ਼ਟਰੀ ਅਤੇ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਸ਼ਾਮਲ ਹਨ।

65. ਵਿਜ਼ਿਟਰਸ ਬੋਰਡ (ਬੀਓਵੀ) ਦੇ ਮੈਂਬਰ ਕੌਣ ਹੁੰਦੇ ਹਨ?

ਮਾੱਡਲ ਜੇਲ੍ਹ ਮੈਨੂਅਲ 2016 ਹੇਠ ਲਿਖੀਆਂ ਗੱਲਾਂ ਵੱਲ ਇਸ਼ਾਰਾ ਕਰਦਾ ਹੈ, ਜੋ ਕਿ ਰਾਜ ਦੇ ਨਿਯਮਾਂ ਅਨੁਸਾਰ ਵੱਖਰੇ ਹੋ ਸਕਦੇ ਹਨ:

